ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖ਼ਾਲਸਾ ਸਮਾਚਾਰ
# Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਡਾ. ਹਰਿਭਜਨ ਸਿੰਘ ਜਨਮ-ਸ਼ਤਾਬਦੀ ਅੰਕ

ਫ਼ੀ ਪਰਚਾ 5/-
ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.

ਅੰਕ ੩੧ ਜਿਲਦ ੩੦ ੧੩-੧੯ ਅਗਸਤ ੨੦੨੦, ੨੯ ਸਾਵਣ - ੪ ਭਾਦਰੋਂ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 31 Volume 30, 13-19 August 2020
Yearly Subscription India 250/-, Abroad 2500/- and Life Membership India 2500/-, Abroad 25000/-

## ਵਿੱਦਿਅਕ ਜਾਗ੍ਰਿਤੀ ਦੀ ਲੋੜ

❖ ਭਾਈ ਸਾਹਿਬ ਭਾਈ ਵੀਰ ਸਿੰਘ

ਸਿਕੰਦਰ ਨੇ ਅਫ਼ਲਾਤੂਨ ਤੋਂ ਪੁਛਿਆ ਕਿ ਮਨੁਖ ਜਾਤੀ ਲਈ ਸਭ ਤੋਂ ਖਤਰਨਾਕ ਮਰਜ਼ ਕੇਹੜੀ ਹੈ? ਉੱਤਰ ਵਿਚ ਅਫ਼ਲਾਤੂਨ ਨੇ ਕਿਹਾ ਕਿ ਸਭ ਤੋਂ ਵਧੀਕ ਖਤਰਨਾਕ ਮਰਜ਼ ਉਹ ਹੈ ਕਿ ਜਿਸਦੀ ਹੋਂਦ ਦੀ ਖ਼ਬਰ ਨਾ ਹੋਵੇ ਤੇ ਖ਼ਬਰ ਹੋਣ ਤੇ ਪ੍ਰਵਾਹ ਨਾ ਕੀਤੀ ਜਾਏ।

ਸਿਕੰਦਰ ਨੇ ਪੁਛਿਆ ਕਿ ਉਹ ਕਿਸ ਤਰ੍ਹਾਂ? ਉੱਤਰ ਵਿਚ ਅਫ਼ਲਾਤੂਨ ਨੇ ਦਸਿਆ ਕਿ ਕਿੰਨੀ ਖਤਰਨਾਕ ਤੋਂ ਖਤਰਨਾਕ ਮਰਜ਼ ਕਿਉਂ ਨਾ ਹੋਵੇ ਉਸਦੀ ਹੋਂਦ ਦੀ ਖਬਰ ਹੋਣ ਤੇ ਹੀ ਜੇ ਕਦੀ ਵਾਹਿਗੁਰੂ ਦੇ ਭਰੋਸੇ ਤੇ ਨਿਯਮ ਪੂਰਬਕ ਇਲਾਜ ਸ਼ੁਰੂ ਕਰ ਦਿੱਤਾ ਜਾਏ, ਤਦ ਉਸਦੇ ਜੜ੍ਹ ਪਕੜਨ ਤੋਂ ਪਹਿਲਾਂ ਹੀ ਉਸਦਾ ਖੁਰਾ ਖੋਜ ਮਿਟਾਣ ਵਿਚ ਕਾਮਯਾਬ ਹੋ ਸਕਾਂਗੇ। ਪ੍ਰੰਤੂ ਮਰਜ਼ ਬੇਖਬਰੀ ਵਿਚ ਜੜ੍ਹ ਪਕੜ ਜਾਏਗੀ ਤੇ ਉਸਦੀ ਹੋਂਦ ਦੀ ਖਬਰ ਪਾਕੇ ਵੀ ਉਸਦੀ ਪ੍ਰਵਾਹ ਨਾ ਕੀਤੀ ਜਾਏਗੀ ਤਾਂ ਓਹ ਬੇਖਬਰੀ ਤੇ ਬੇਪ੍ਰਵਾਹੀ ਵਿਚ ਇੰਨੀ ਪ੍ਰਬਲ ਰੂਪ ਧਾਰਨ ਕਰ ਲਏਗੀ ਕਿ ਫਿਰ ਉਸਦੇ ਦੂਰ ਕਰਨ ਦੀ ਹਰ ਜ਼ਬਰਦਸਤ ਤੋਂ ਜ਼ਬਰਦਸਤ ਕੋਸ਼ਸ਼ ਵੀ ਨਾਕਾਮਯਾਬ ਰਹੇਗੀ ਤੇ ਅੰਤ ਮੌਤ ਹੋਵੇਗਾ।

ਸਿੱਖ ਕੌਮ ਅਜ ਬੜੀ ਨਾਜ਼ਕ ਹਾਲਤ ਵਿਚ ਦੀ ਲੰਘ ਰਹੀ ਹੈ, ਸਾਡੀ ਕੌਮੀਅਤ ਖਤਰੇ ਵਿਚ ਹੈ, ਧਰਮ ਖਤਰੇ ਵਿਚ ਹੈ, ਸੋਸ਼ਲ ਹਾਲਤ ਖ਼ਤਰੇ ਵਿਚ ਹੈ, ਸੰਸਾਰਕ ਪੋਜ਼ੀਸ਼ਨ ਖਤਰੇ ਵਿਚ ਹੈ ਤੇ ਸਭ ਤੋਂ ਵਧੀਕ ਖ਼ਤਰਨਾਕ ਗੱਲ ਇਹ ਹੈ ਕਿ ਅਵਿਦਜਾ ਦੇ ਕਾਰਨ ਕੌਮ ਇਸ ਖ਼ਤਰਨਾਕ ਅਵਸਥਾ ਤੋਂ ਬੇਖ਼ਬਰ ਹੈ ਤੇ ਜੇ ਕੁਝ ਖ਼ਬਰ ਹੈ ਤਦ ਉਹ ਇਸ ਬੇਪ੍ਰਵਾਹੀ ਦੀ ਨਜ਼ਰ ਨਾਲ ਹੈ ਕਿ ਉਸਦੀ ਖ਼ਬਰ ਨਾ ਹੋਣ ਜਹੀ ਹੈ, ਜਿਸਤੋਂ ਕੌਮ ਦਾ ਭਵਿਸ਼ ਭਾਰੀ ਨਾਉਮੈਦੀ, ਨਿਰਾਸਤਾ ਤੇ ਮਾਯੂਸੀ ਵਿਚ ਘਿਰਿਆ ਹੋਇਆ ਹੈ, ਇਸ ਤੋਂ ਖ਼ਿਆਲ ਨਹੀਂ, ਅੰਦਾਜ਼ਾ ਨਹੀਂ, ਅਨੁਮਾਨ ਨਹੀਂ, ਬਲਕੇ ਸੋਲਾਂ ਦੇ ਸੋਲਾਂ ਆਨੇ ਸੱਚ ਹੈ ਕਿ ਜੇ ਕਦੀ ਕੌਮ ਨੂੰ ਇਸ ਖ਼ਤਰਨਾਕ ਦਸ਼ਾ ਤੋਂ ਛੇਤੀ ਤੋਂ ਛੇਤੀ ਖ਼ਬਰਦਾਰ ਨਾ ਕੀਤਾ ਗਿਆ, ਤੇ ਖ਼ਬਰਦਾਰ ਕਰਕੇ ਬਚਾਓ ਦੇ ਸਾਧਨ ਨਾ ਸੋਚੇ ਗਏ ਤੇ ਸੋਚਕੇ ਓਹਨਾਂ ਨੂੰ ਅਮਲੀ ਸ਼ਕਲ ਵਿਚ ਨਾ ਆਂਦਾ ਗਿਆ, ਤਦ ਇਹ ਦੀਨ ਤੇ ਦੁਨੀ ਦਾ ਸਹਾਰਾ ਪੰਥ, ਇਹ ਅਕਾਲੀ ਪੰਥ ਕੌਮਾਂ ਦੀ ਘੋੜ-ਦੌੜ ਵਿਚ ਆਪਣਾ ਆਪ ਗੁਆ ਬੈਠੇਗਾ।

ਸਿੱਖਾਂ ਦਾ ਬਚਾਓ ਇਸ ਗੱਲ ਵਿਚ ਤੇ ਕੇਵਲ ਇਸ ਗੱਲ ਵਿਚ ਹੈ ਕਿ ਸਿੱਖਾਂ ਨੂੰ ਸਹੀ ਅਰਥਾਂ ਵਿਚ "ਸਿੱਖ" 'ਸਿੱਖਣ ਵਾਲੇ' 'ਪੜ੍ਹਨਵਾਲੇ' 'ਵਿਦਿਆਰਥੀ' ਬਣਾਯਾ ਜਾਏ, ਵਿਦਜਾ ਨਾਲ ਓਹਨਾਂ ਨੂੰ ਆਪਣੇ ਰੋਗ ਤੋਂ ਆਗਾਹ ਕਰ ਦਿੱਤਾ ਜਾਏ ਤੇ ਇਹਨਾਂ ਦੇ ਸਾਹਮਣੇ ਆਪਣੇ ਓਹਨਾਂ ਬਜ਼ੁਰਗਾਂ, ਸੂਰਬੀਰਾਂ ਤੇ ਧਰਮ ਧੁਜਾਂ ਸ਼ਹੀਦਾਂ ਦੇ ਕਾਰਨਾਮੇ ਰੱਖੇ ਜਾਣ ਜਿਨ੍ਹਾਂ ਨੇ ਕੌਮ ਦੀ ਆਨ, ਸ਼ਾਨ ਤੇ ਨਾਮ ਦੀ ਖਾਤਰ ਆਪਣਾ ਸਰਬੰਸ ਕੁਰਬਾਨ ਕਰ ਦਿੱਤਾ। ਓਹਨਾਂ ਦੇ ਸਾਹਮਣੇ ਭਾਈ ਤਾਰੂ ਸਿੰਘ, ਮਨੀ ਸਿੰਘ, ਸੁਬੇਗ ਸਿੰਘ, ਸ਼ਹਿਬਾਜ਼ ਸਿੰਘ, ਬਾਬਾ ਦੀਪ ਸਿੰਘ, ਗੁਰਬਖ਼ਸ਼ ਸਿੰਘ, ਭਾਈ ਹਰਕੀਰਤ ਸਿੰਘ ਦੇ ਕਾਰਨਾਮੇ ਰੱਖੇ ਜਾਣ ਜੋ ਜੀਉਂਦੇ ਰਹੇ ਤਦ ਕੌਮ ਲਈ, ਜੇ ਮੋਏ ਤਦ ਕੌਮ ਲਈ। ਫਿਰ ਹੋ ਸਕਦਾ ਹੈ ਕਿ ਇਹਨਾਂ ਰੌਸ਼ਨ ਮੁਨਾਰਿਆਂ ਦੇ ਆਸਰੇ ਆਪਣੇ ਕੌਮੀ ਜਹਾਜ਼ ਨੂੰ ਮੁਖਾਲਫ਼ ਹਵਾ ਦੇ ਥਪੇੜਿਆਂ, ਖਤਰਨਾਕ ਪਹਾੜੀਆਂ ਦੀਆਂ ਟੱਕਰਾਂ ਤੇ ਪਾਣੀ ਦੇ ਤੂਫ਼ਾਨਾਂ ਤੋਂ ਬਚਾਕੇ ਸਲਾਮਤੀ ਦੇ ਕਨਾਰੇ ਤੇ ਲੈ ਜਾ ਸਕਣ। ਇਸ ਵਾਸਤੇ ਹੁਣ ਜਦ ਕੇ ਅਵਿਦਜਾ ਦੇ ਕਾਰਨ ਕੌਮ ਦੀ ਹਾਲਤ ਭਾਰੀ ਖਿਚਾਖਿਚੀ ਵਿਚ ਹੈ, ਕੌਮ ਦੇ ਸੱਚੇ ਸਪੁਤ੍ਰਾਂ ਨੂੰ ਮੈਦਾਨ ਵਿਚ ਨਿਕਲਣਾ ਚਾਹੀਦਾ ਹੈ ਤੇ ਆਪਣੀ ਕੌਮ ਨੂੰ ਜ਼ਹਾਲਤ ਦੇ ਪੰਜੇ ਤੋਂ ਛੁਡਾਣ ਲਈ ਤਨ, ਮਨ ਤੇ ਧਨ ਦੀ ਕੁਰਬਾਨੀ ਕਰਨੀ ਚਾਹੀਦੀ ਹੈ।

ਜੇ ਕਦੀ ਤੁਸੀਂ ਸੰਸਾਰ ਵਿਚ ਰੁਸਵਾਈ ਤੇ ਸ਼ਰਮਿੰਦਗੀ ਦਾ ਜੀਵਨ ਬਤੀਤ ਕਰਨਾ ਨਹੀਂ ਚਾਹੁੰਦੇ, ਜੇ ਕਦੀ ਤੁਸੀਂ ਦੂਜੀਆਂ ਕੌਮਾਂ ਦੇ ਸਾਹਮਣੇ ਹਾਸੋ-ਹੀਣਾ ਹੋ ਕੇ ਨਹੀਂ ਜੀਊਣਾ ਚਾਹੁੰਦੇ, ਤੇ ਹਾਂ ਜੇ ਆਪਣੀ ਪਹਿਲੀ ਗੌਰਵਤਾ ਨਾਲ ਸੰਸਾਰ ਦੇ ਤਖਤੇ ਤੇ ਚਮਕਣਾ ਚਾਹੁੰਦੇ ਹੋ, ਤਦ ਆਪਣੇ ਪੂਰੇ ਬਲ ਨਾਲ ਕੌਮ ਨੂੰ ਵਿਦਿਆਵਾਨ ਕਰਨ ਦੇ ਇਸ ਸਾਂਝੇ ਕੰਮ ਨੂੰ ਕਾਮਯਾਬ ਕਰਨ ਲਈ ਆਪਣਾ ਸਾਰਾ ਜ਼ੋਰ ਲਗਾ ਦਿਓ।

-ਅਮਰ ਲੇਖ, ਭਾਗ 3

### ਅੰਦਰ


- ਸੰਪਾਦਕੀ 2
- ਇਕ ਅਜ਼ੀਮ ਸ਼ਖ਼ਸੀਅਤ : ਡਾ. ਹਰਿਭਜਨ ਸਿੰਘ 3
- ਅਜ਼ਾਂ ਗੁਰਦੇਵ ਦੀਆਂ 5
- ਮਘਦਾ ਸੂਰਜ : ਡਾਕਟਰ ਹਰਿਭਜਨ ਸਿੰਘ 7
- ਮੇਰੇ ਡੈਡੀ - ਕੁਛ ਯਾਦਾਂ 9
- ਡਾ. ਹਰਿਭਜਨ ਸਿੰਘ : ਇਕ ਮੁਮਤਾਜ਼ ਸ਼ਖ਼ਸੀਅਤ 11
- ਅਸੀਂ, ਪਿਤਾ ਅਤੇ ਪਹਾੜ 15
- Harbhajan Singh : A Poet of Mythic Reality 17
- ਨਿਸਚੈ ਕਰ ਆਪਨੀ ਜੀਤ ਕਰੋਂ॥ 20

ਸੰਪਾਦਕੀ

# ਨਿਵੇਕਲੀ ਪ੍ਰਤਿਭਾਵਾਨ ਸ਼ਖ਼ਸੀਅਤ

18 ਅਗਸਤ, 1919 ਈ. ਨੂੰ ਲਮਡਿੰਗ (ਆਸਾਮ) ਵਿਖੇ ਜਨਮੇ ਡਾ. ਹਰਿਭਜਨ ਸਿੰਘ ਦਾ ਪੰਜਾਬੀ ਸਾਹਿਤ ਜਗਤ 'ਚ ਆਪਣਾ ਨਿਵੇਕਲਾ ਮੁਕਾਮ ਹੈ। ਉਸਦੀ ਇਹ ਨਿਵੇਕਲਤਾ ਬਹੁ-ਪੱਖੀ ਹੈ। ਕਵਿਤਾ, ਆਲੋਚਨਾ, ਅਧਿਆਪਨ, ਨਿਰੀਖਣ, ਅਨੁਵਾਦ, ਪੇਸ਼ਕਾਰੀ ਆਦਿ ਉਹ ਸਾਰੇ ਪੱਖ ਹਨ ਜਿਨ੍ਹਾਂ ਵਿਚੋਂ ਉਸਦੀ ਨਿਵੇਕਲਤਾ ਦੇ ਦੀਦਾਰ ਹੁੰਦੇ ਹਨ।

ਸ਼ੁਰੂ ਤੋਂ ਹੀ ਜੀਵਨ ਸੰਘਰਸ਼ ਤੇ ਇਕਾਗਰ ਮਿਹਨਤ 'ਚੋਂ ਉਜਾਗਰ ਹੁੰਦੀ ਡਾ. ਹਰਿਭਜਨ ਸਿੰਘ ਦੀ ਪ੍ਰਤਿਭਾ ਨੂੰ ਵਿਗਸਣ ਤੇ ਸਥਾਪਿਤ ਹੋਣ ਦਾ ਮੌਕਾ ਪੰਜਾਬੀ ਸਾਹਿਤ ਦੇ ਖੇਤਰ 'ਚ ਆਉਣ ਤੋਂ ਬਾਅਦ ਹੀ ਮਿਲਿਆ, ਜਦਕਿ ਉਹਨਾਂ ਦਾ ਅਕਾਦਮਿਕ ਸਫ਼ਰ ਉਰਦੂ 'ਚ ਮੁਨਸ਼ੀ ਫਾਜ਼ਲ ਤੋਂ ਸ਼ੁਰੂ ਹੋ ਕੇ ਫਿਰ ਅੰਗਰੇਜ਼ੀ ਦੀ ਐਮ.ਏ., ਹਿੰਦੀ ਦੀ ਡਾਕਟਰੇਟ ਅਤੇ ਅਧਿਆਪਨ ਤੋਂ ਬਾਅਦ ਪੰਜਾਬੀ 'ਚ ਸਿਰਜਨਾ ਅਤੇ ਅਧਿਆਪਨ ਵੱਲ ਪਰਤਿਆ ਸੀ। ਹਿੰਦੀ 'ਚ ਉਹਨਾਂ ਦਾ ਥੀਸਸ **ਗੁਰਮੁਖੀ ਲਿਪੀ ਮੇਂ ਹਿੰਦੀ ਕਾਵਯ** 1961 ਵਿਚ ਛਪਿਆ ਸੀ ਪਰ ਪੰਜਾਬੀ 'ਚ ਕਵਿਤਾ ਦੀ ਪਹਿਲੀ ਪੁਸਤਕ **ਲਾਸਾਂ** 1956 ਵਿਚ ਆ ਗਈ ਸੀ ਤੇ ਇਸ ਤੋਂ ਬਾਅਦ **ਤਾਰ ਤੁਪਕਾ** 1957 ਵਿਚ। ਕਾਵਿਕਤਾ ਦਾ ਇਹ ਪ੍ਰਵਾਹ ਲਗਾਤਾਰ **ਰੇਗਿਸਤਾਨ 'ਚ ਲੱਕੜਹਾਰਾ** (2000) ਤਕ ਵਹਿੰਦਾ ਰਿਹਾ। ਇਸ ਪ੍ਰਵਾਹ 'ਚ ਆਧੁਨਿਕਤਾ ਦੀ ਟੁੱਟ-ਭੱਜ ਦਾ ਪ੍ਰਗਟਾਓ ਤੇ ਪਰੰਪਰਾ ਨਾਲ ਸੰਵਾਦ ਵੀ ਸੀ, ਨਾਲ ਗੀਤਾਂ ਦੇ ਰੂਪ 'ਚ ਬਹੁਤੀ ਸਾਰੀ ਸਰੋਦੀ ਕਾਵਿ ਦੀ ਰਚਨਾ ਵੀ ਉਨ੍ਹਾਂ ਕੀਤੀ।

ਸੂਖਮ ਬੁੱਧੀ ਰੱਖਣ ਵਾਲੇ ਡਾ. ਹਰਿਭਜਨ ਸਿੰਘ ਨੇ ਕਾਵਿਕ-ਸਿਰਜਨਾ ਦੇ ਨਾਲ-ਨਾਲ ਆਲੋਚਨਾ ਦਾ ਪਿੜ ਵੀ ਮੱਲੀ ਰੱਖਿਆ। 1970 'ਚ ਉਨ੍ਹਾਂ ਰਾਹੀਂ ਲਿਖੀ ਪੁਸਤਕ **ਅਧਿਐਨ ਅਤੇ ਅਧਿਆਪਨ** ਨੇ ਹੀ ਆਲੋਚਨਾ ਜਗਤ 'ਚ ਹਲਚਲ ਪੈਦਾ ਕਰ ਦਿੱਤੀ ਸੀ। ਇਨ੍ਹਾਂ ਆਲੋਚਨਾਤਮਕ ਲੇਖਾਂ ਰਾਹੀਂ ਪੰਜਾਬੀ ਆਲੋਚਨਾ ਨਵੇਂ ਗਿਆਨ ਸ਼ਾਸਤਰੀ ਪਰਿਪੇਖਾਂ— ਰੂਪਵਾਦ, ਸੰਰਚਨਾਵਾਦ, ਚਿਹਨ ਸ਼ਾਸਤਰ, ਪ੍ਰਤੀਕ ਸ਼ਾਸਤਰ, ਅਤੇ ਭਾਸ਼ਾ ਵਿਗਿਆਨਕ ਅੰਤਰ-ਦ੍ਰਿਸ਼ਟੀਆਂ ਦੇ ਸਨਮੁੱਖ ਹੋ ਰਹੀ ਸੀ ਜਿਸਦੇ ਫ਼ਲਸਰੂਪ ਟਿੱਲੇ ਤੇ ਕਬਜ਼ਾਈ ਬੈਠੇ ਆਲੋਚਕ ਤੇ ਉਹਨਾਂ ਦੇ ਸਿੱਖਿਆਰਥੀ ਇਸ ਨਵੇਂ ਪੈਗਾਮ ਤੋਂ ਜਿਵੇਂ ਪੂਰੀ ਤਰ੍ਹਾਂ ਹਿੱਲ ਗਏ ਸਨ। ਖ਼ੈਰ, ਵਿਰੋਧਾਤਮਕ ਜਾਂ ਸਿਧਾਂਤਕ, ਕਿਸੇ ਵੀ ਰੂਪ 'ਚ ਪੰਜਾਬੀ ਆਲੋਚਨਾ 'ਚ ਸੰਵਾਦ ਦਾ ਦੌਰ ਸ਼ੁਰੂ ਹੋਇਆ, ਨਵੀਆਂ ਸਥਾਪਨਾਵਾਂ ਉਦੈ ਹੋਈਆਂ। ਹੌਲੀ-ਹੌਲੀ ਵਿਰੋਧ ਕਰਨ ਵਾਲੇ ਵੀ ਸਮਝ ਤੇ ਸੰਵਾਦ ਦੇ ਦਾਇਰੇ 'ਚ ਆਉਣ ਲੱਗੇ ਤੇ ਪੰਜਾਬੀ ਆਲੋਚਨਾ ਨੇ ਵਿਸ਼ਵ 'ਚ ਉਦੈ ਹੋ ਰਹੀਆਂ ਬਹੁਵਿਧ ਗਿਆਨ-ਦ੍ਰਿਸ਼ਟੀਆਂ ਨਾਲ ਆਪਣੀ ਸਾਂਝ ਪਾਈ। ਆਲੋਚਨਾ ਦੇ ਖੇਤਰ 'ਚ ਡਾ. ਹਰਿਭਜਨ ਸਿੰਘ ਦੀ ਇਹ ਨਿਵੇਕਲੀ ਤੇ ਮਹੱਤਵਪੂਰਨ ਦੇਣ ਸੀ ਜਿਸਨੇ ਆਲੋਚਨਾ ਦੇ ਪੱਧਰ ਨੂੰ ਰਚਨਾ ਕੇਂਦ੍ਰਿਤ ਕਰਦਿਆਂ ਨਾ ਸਿਰਫ਼ ਵਿਸ਼ਵਵਿਆਪੀ ਪੱਧਰ ਦੇ ਹਾਣ ਦਾ ਬਣਾ ਦਿੱਤਾ ਸੀ, ਸਗੋਂ ਵਿਰੋਧੀਆਂ ਨੂੰ ਵੀ ਇਸ ਗਿਆਨ-ਸਾਧਨਾ 'ਚ ਸ਼ਾਮਿਲ ਕਰ ਲਿਆ ਸੀ ਆਪਣੀਆਂ ਦਮਦਾਰ ਸਿਧਾਂਤਕ ਲਿਖਤਾਂ ਸਦਕੇ, ਆਪਣੇ ਪ੍ਰਭਾਵਸ਼ਾਲੀ ਵਿਆਖਿਆਨ ਸਦਕੇ, ਆਪਣੇ ਵਿਹਾਰਕ ਅੰਦਾਜ਼ ਸਦਕੇ। ਭਾਰਤੀ ਕਾਵਿ-ਸ਼ਾਸਤਰ, ਪੱਛਮੀ ਚਿੰਤਨ ਸ਼ਾਸਤਰ ਅਤੇ ਵੱਖੋ-ਵੱਖ ਭਾਸ਼ਾਵਾਂ 'ਚ ਮੁਹਾਰਤ ਰੱਖਣ ਵਾਲੀ ਇਸ ਸ਼ਖ਼ਸੀਅਤ ਦੀਆਂ ਕਿਰਨਾਂ ਦਾ ਪਸਾਰਾ ਹੌਲੇ-ਹੌਲੇ ਪੂਰੇ ਪੰਜਾਬੀ ਸਾਹਿਤ 'ਚ ਹੁੰਦਾ ਚਲਾ ਗਿਆ ਜਿਸ ਸਦਕਾ ਪੰਜਾਬੀ ਕਵਿਤਾ ਅਤੇ ਆਲੋਚਨਾ ਨਵੀਆਂ ਸੰਭਾਵਨਾਵਾਂ ਤੇ ਸਥਾਪਨਾਵਾਂ ਵਲ ਵਧਣ ਲੱਗੀ।

ਸੂਰਜ ਦੇ ਫੈਲਦੇ ਪ੍ਰਕਾਸ਼ 'ਚ ਤਾਰਿਆਂ ਦਾ ਮੰਦ ਪ੍ਰਕਾਸ਼ ਆਖ਼ਰ ਸਿਮਟਦਾ ਹੈ, ਪੰਜਾਬੀ ਸਾਹਿਤ ਜਗਤ ਦੇ ਕੈਨਵਸ ਤੇ ਆਪਣੀ ਸਿਰਜਣਾਤਮਕ ਅਤੇ ਆਲੋਚਨਾਤਮਕ ਪ੍ਰਤਿਭਾ ਸਦਕਾ ਡਾ. ਹਰਿਭਜਨ ਸਿੰਘ ਕੁਝ ਇਵੇਂ ਹੀ ਉਜਾਗਰ ਹੋਏ। ਹਰ ਵਰ੍ਹਾ ਜਦੋਂ ਅਗਲੇ ਵਰ੍ਹੇ ਦਾ ਦਾਮਨ ਫੜਦਾ ਤਾਂ ਡਾ. ਸਾਹਿਬ ਆਪਣੀ ਕੋਈ ਨਵੀਂ ਰਚਨਾ-ਸਿਰਜਨਾ ਜਾਂ ਵਿਸ਼ਵ ਪੱਧਰ ਦੇ ਕਿਸੇ ਲੇਖਕ ਦੀ ਅਨੁਵਾਦਿਤ ਰਚਨਾ ਲੈ ਪਾਠਕਾਂ-ਆਲੋਚਕਾਂ ਸਨਮੁੱਖ ਆ ਬਹੁੜਦੇ। ਯੂਨੀਵਰਸਿਟੀਆਂ-ਕਾਲਜਾਂ ਦੀ ਸਾਹਿਤਕ ਮਹਿਫ਼ਲ ਗਰਮਿਆ ਜਾਂਦੀ ਤੇ ਨਵੀਆਂ ਚਰਚਾਵਾਂ ਦਾ ਦੌਰ ਚਲ ਪੈਂਦਾ। ਇਹ ਡਾ. ਸਾਹਿਬ ਦੀ ਕਾਮਯਾਬੀ ਦੇ ਪਰੀਦ੍ਰਿਸ਼ ਦਾ ਉਘੜਨਾ ਸੀ। ਡਾ. ਸਾਹਿਬ ਦੀ ਅਗਵਾਈ 'ਚ ਦਿੱਲੀ ਵਿਖੇ ਆਲੋਚਨਾ ਦਾ ਇਕ ਨਵਾਂ ਮਿਆਰ ਕਾਇਮ ਹੋਣ ਕਰਕੇ ਇਸ ਨੂੰ 'ਦਿੱਲੀ ਸਕੂਲ ਆਫ਼ ਕ੍ਰਿਟੀਸਿਜ਼ਮ' ਨਾਲ ਜਾਣਿਆ ਜਾਣ ਲੱਗਾ। ਪਰ ਡਾ. ਸਾਹਿਬ ਦੀ ਸ਼ਖ਼ਸੀਅਤ ਸਿਰਫ਼ ਕਵਿਤਾ ਜਾਂ ਆਲੋਚਨਾ ਦੇ ਮਿਆਰਾਂ ਤਕ ਹੀ ਸੀਮਤ ਨਹੀਂ ਸੀ, ਉਹ ਇਕ ਮੰਝੇ ਤੇ ਗੁੜ੍ਹੇ ਹੋਏ ਅਧਿਆਪਕ ਵੀ ਸਨ। ਗਿਆਨ-ਸਿੱਧ ਸ਼ਖ਼ਸੀਅਤ ਹੋਣ ਦੇ ਬਾਵਜੂਦ ਉਹ ਕਲਾਸ ਲੈਣ ਤੋਂ ਪਹਿਲਾਂ ਪੜ੍ਹਾਏ ਜਾਣ ਵਾਲੇ ਵਿਸ਼ੇ ਦੀ ਪੂਰੀ ਤਿਆਰੀ ਕਰਕੇ ਆਉਂਦੇ ਤੇ ਮੁਕੱਰਰ ਵਿਸ਼ੇ ਦੀ ਪੇਸ਼ਕਾਰੀ ਅਜਿਹੀ ਹੁੰਦੀ ਕਿ ਵਿਦਿਆਰਥੀਆਂ ਦੀਆਂ ਨਿਗਾਹਾਂ ਡਾ. ਸਾਹਿਬ ਦੇ ਚਿਹਰੇ ਤੋਂ ਉਰਾਂ-ਪਰਾਂ ਹੋਣ ਦਾ ਸਾਹਸ ਨਾ ਕਰ ਸਕਦੀਆਂ। ਵਿਸ਼ੇ ਦੀ ਪੇਸ਼ਕਾਰੀ ਪੱਖੋਂ ਅਦਭੁਤ ਸਨ ਡਾ. ਸਾਹਿਬ। ਸਿਰਫ਼ ਵਿਦਿਆਰਥੀ-ਜਮਾਤ ਹੀ ਕਿਉਂ, ਵੱਖ-ਵੱਖ ਭਾਸ਼ਾ-ਸਾਹਿਤ ਦੇ ਸੈਮੀਨਾਰਾਂ ਵਿਚ ਵੀ ਜਦ ਉਹ ਬੋਲਦੇ ਤਾਂ ਸਰੋਤੇ ਅਕੰਟਕ ਉਹਨਾਂ ਨੂੰ ਸੁਣ ਰਹੇ ਹੁੰਦੇ। ਨਾ ਸਿਰਫ਼ ਪੰਜਾਬੀ ਸਗੋਂ ਦੂਜੇ ਸੰਜਮਾਂ ਵਿਚ ਵੀ ਵਿਸ਼ੇ ਦੀ ਪਕੜ ਤੇ ਬਿਆਨਕਾਰੀ ਦਾ ਜਾਦੂ ਸਭ ਦੇ ਸਿਰ ਚੜ੍ਹ ਕੇ ਬੋਲਦਾ।

ਨਿਤਾਪ੍ਰਤੀ ਪੜ੍ਹਦੇ ਸਨ ਡਾ. ਸਾਹਿਬ। ਪੜ੍ਹਨ ਤੇ ਫਿਰ ਲਿਖਣ, ਤੇ ਫਿਰ ਉਸ ਨੂੰ ਆਪਣੀ ਵਾਣੀ ਰਾਹੀਂ ਵਿਆਖਿਆਉਣ, ਉਹਨਾਂ ਦੀ ਜ਼ਿੰਦਗੀ ਦਾ ਵਡੇਰਾ ਹਿੱਸਾ ਇਨ੍ਹਾਂ ਤਿੰਨਾਂ ਅਮਲਾਂ 'ਚ ਗੁਜ਼ਰਿਆ। ਡਾ. ਸਾਹਿਬ ਤੜਕਸਾਰ ਉਠਦੇ ਤੇ ਨਿੱਤ ਦੇ ਕਰਮ ਤੋਂ ਵਿਹਲੇ ਹੋ ਕੇ ਫਿਰ ਸੌਣ ਵੇਲੇ ਤੱਕ ਦੀ ਦਿਨਚਰਿਆ 'ਚ ਵਿਹਲ ਦਾ ਮੁਕਾਮ ਨਹੀਂ ਸੀ ਆਉਂਦਾ। ਇਹ ਇਕ ਸਿਰਜਨਾਤਮਕ ਮਨੁੱਖ ਦਾ ਜੀਵਨ ਪੈਰਾਡਾਇਮ ਸੀ ਜਿਸ ਵਿਚ ਇਕਾਗਰ ਸਾਧਨਾ, ਆਪਣੀ ਭਾਸ਼ਾ ਤੇ ਵਿਸ਼ੇ ਪ੍ਰਤੀ ਮੋਹ, ਦਫ਼ਤਰੀ ਜ਼ਿੰਮੇਵਾਰੀ ਦੀ ਅਦਾਇਗੀ ਤੇ ਇਸ ਤੋਂ ਇਲਾਵਾ ਪਰਿਵਾਰ ਪ੍ਰਤੀ ਪੂਰੀ ਜਵਾਬਦੇਹੀ ਤੈਅ ਸੀ। ਅਜਿਹੀ ਖੁਸ਼ਗਵਾਰ, ਸੰਜੀਦਾ, ਮਿਹਨਤੀ, ਕਰਮਨਿਸ਼ਠ ਅਤੇ ਲਗਨ ਤੇ ਸਿਰੜ ਨਾਲ ਭਰੀ ਹੋਈ ਸਿਰਜਨਾਤਮਕ ਸ਼ਖ਼ਸੀਅਤ ਨੂੰ ਉਹਨਾਂ ਦੀ ਜਨਮ-ਸ਼ਤਾਬਦੀ ਤੇ ਅਕੀਦਾ ਪੇਸ਼ ਕਰਦਿਆਂ ਫ਼ਖ਼ਰ ਮਹਿਸੂਸ ਹੁੰਦਾ ਹੈ, ਇਸ ਕਰਕੇ ਨਹੀਂ ਕਿ ਉਹ ਪੰਜਾਬੀ ਸਾਹਿਤ ਦੇ ਚਮਕਦੇ ਸਿਤਾਰੇ ਸਨ, ਸਗੋਂ ਇਸ ਕਰਕੇ ਕਿ ਪੰਜਾਬੀ ਸਾਹਿਤ ਦੇ ਵਿਦਿਆਰਥੀ ਅੱਜ ਵੀ ਉਹਨਾਂ ਦੇ ਨਾਂ ਤੋਂ ਆਪਣੇ ਆਪ ਨੂੰ ਗੌਰਵਾਨਮਿਤ ਮਹਿਸੂਸ ਕਰਦੇ ਹਨ, ਜਿਨ੍ਹਾਂ ਪੰਜਾਬੀਆਂ ਦੇ ਮੱਥੇ 'ਚ ਗੰਭੀਰ ਚਿੰਤਨ ਤੇ ਅਕਾਦਮਿਕ ਵਿਹਾਰ ਦੀ ਉਸ ਜੋਤ ਨੂੰ ਬਾਲਿਆ ਸੀ ਜਿਹੜੀ ਉਨ੍ਹਾਂ ਦੇ ਜਾਣ ਤੋਂ ਬਾਅਦ ਅੱਜ ਇਕ ਬ੍ਰਹਿਦ ਪ੍ਰਕਾਸ਼ ਦੇ ਰੂਪ 'ਚ ਪੰਜਾਬੀ ਸਾਹਿਤ ਤੇ ਆਲੋਚਨਾ ਜਗਤ 'ਚ ਸਰਬਤ੍ਰ ਵਿਆਪਕ ਹੈ। ✧✧

# ਇਕ ਅਜ਼ੀਮ ਸ਼ਖ਼ਸੀਅਤ : ਡਾ. ਹਰਿਭਜਨ ਸਿੰਘ

❖ ਡਾ. ਜਸਪਾਲ ਸਿੰਘ*

ਇਕ ਵੱਡੀ ਅਜ਼ੀਮ ਸ਼ਖ਼ਸੀਅਤ ਦੇ ਮਾਲਕ ਸਨ ਡਾ. ਹਰਿਭਜਨ ਸਿੰਘ। ਉਹਨਾਂ ਦੀ ਵਿਲੱਖਣਤਾ ਨੂੰ ਸਾਹਿਤਕਾਰਾਂ ਦਾ ਹਰ ਵਰਗ ਸਵੀਕਾਰਦਾ ਸੀ। ਇਕ ਸ਼ਾਇਰ, ਗਲਪਕਾਰ, ਆਲੋਚਕ, ਸੰਪਾਦਕ, ਅਨੁਵਾਦਕ, ਹਰ ਰੂਪ ਵਿਚ ਡਾ. ਸਾਹਿਬ ਨੇ ਆਪਣੀ ਨਿਵੇਕਲੀ ਛਾਪ ਛੱਡੀ ਹੈ। ਇਹਨਾਂ ਤੋਂ ਵੱਖਰਿਆਂ, ਇਕ ਅਧਿਆਪਕ ਦੇ ਰੂਪ ਵਿਚ ਵੀ ਉਹਨਾਂ ਦੀ ਸ਼ੈਲੀ ਦੇ ਨਿਵੇਕਲੇਪਨ ਦੇ ਗਵਾਹ ਉਹਨਾਂ ਦੇ ਵਿਦਿਆਰਥੀ ਹਨ।



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਡਾ. ਹਰਿਭਜਨ ਸਿੰਘ ਜੀ ਨੂੰ ਸਨਮਾਨਿਤ ਕਰਦੇ ਹੋਏ (ਖੱਬਿਓਂ ਸੱਜੇ) ਸ. ਕੁਲਮੋਹਨ ਸਿੰਘ, ਡਾ. ਜਗਬੀਰ ਸਿੰਘ, (ਪਿੱਛੇ) ਪ੍ਰੋ. ਜੋਗਿੰਦਰ ਸਿੰਘ, ਡਾ. ਗੁਰਚਰਨ ਸਿੰਘ, ਡਾ. ਹਰਿਭਜਨ ਸਿੰਘ, ਡਾ. ਮਨਜੀਤ ਸਿੰਘ, ਡਾ. ਮਹਿੰਦਰ ਕੌਰ ਗਿਲ, ਤਤਕਾਲੀਨ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਸ. ਨਿਰਵੈਰ ਸਿੰਘ ਅਤੇ ਸੀਨੀਅਰ ਮੀਤ-ਪ੍ਰਧਾਨ ਡਾ. ਜਸਪਾਲ ਸਿੰਘ।

ਹਕੀਕਤਨ, ਸਿਫ਼ਰ ਤੋਂ ਸ਼ੁਰੂ ਹੋ ਕੇ ਵੱਡੀਆਂ ਸਿਖ਼ਰਾਂ ਨੂੰ ਛੋਹਿਆ ਸੀ ਡਾ. ਹਰਿਭਜਨ ਸਿੰਘ ਨੇ। ਖ਼ਾਲਸਾ ਸਕੂਲ ਵਿਚ ਮਾਮੂਲੀ ਜਿਹੀ ਨੌਕਰੀ ਤੋਂ ਆਰੰਭ ਕਰ ਕੇ ਦਿੱਲੀ ਯੂਨੀਵਰਸਿਟੀ ਵਿਚ ਭਾਰਤੀ ਭਾਸ਼ਾਵਾਂ ਦੇ ਮੁਖੀ ਤੇ ਫਿਰ ਪ੍ਰੋਫ਼ੈਸਰ ਅਮੈਰੀਟਸ ਬਣ ਕੇ ਉਹਨਾਂ ਨੇ ਪੰਜਾਬੀ ਸਾਹਿਤ ਦੇ ਖੇਤਰ ਵਿਚ ਇਕ ਮੀਲ-ਪੱਥਰ ਕਾਇਮ ਕੀਤਾ। ਸਾਧਾਰਨ ਸ਼ੁਰੂਆਤ ਵਾਲੇ ਵਿਅਕਤੀ ਲਈ ਸ਼ਾਇਦ ਇਹ ਬਹੁਤ ਵੱਡੀ ਪ੍ਰਾਪਤੀ ਸੀ। ਪਰ ਡਾ. ਸਾਹਿਬ ਦੇ ਇਸ ਲੰਮੇ ਪੁਲਾਂਘਾਂ ਭਰੇ ਜੀਵਨ ਦਾ ਮਕਸਦ ਚੰਗੀ ਨੌਕਰੀ ਜਾਂ ਚੰਗਾ ਅਹੁਦਾ ਨਹੀਂ ਸੀ। ਉਹਨਾਂ ਦਾ ਸ਼ੌਕ ਤਾਂ ਸਿਰਜਨਾਤਮਕ ਸੀ। ਉਹਨਾਂ ਦੀ ਅਸਲੀ ਮੰਜ਼ਿਲ ਸਾਹਿਤ-ਸਿਰਜਨਾ ਸੀ। ਇਸ ਲਈ ਸ਼ੁਰੂ ਤੋਂ ਹੀ ਤੁਰ ਪਏ ਸਨ ਆਪਣੇ ਸਾਹਿਤ-ਰਚਨਾ ਦੇ ਸਫ਼ਰ 'ਤੇ।

ਵੈਸੇ ਤਾਂ ਸਾਹਿਤ ਦੀ ਹਰ ਵੰਨਗੀ ਉਪਰ ਡਾ. ਹਰਿਭਜਨ ਸਿੰਘ ਨੂੰ ਮੁਹਾਰਤ ਹਾਸਲ ਸੀ ਪਰ ਕਵਿਤਾ ਦੇ ਖੇਤਰ ਵਿਚ ਉਹਨਾਂ ਦਾ ਇਕ ਖ਼ਾਸ ਰਾਖਵਾਂ ਮੁਕਾਮ ਸੀ। ਆਪਣੇ ਵੇਲੇ ਦੀ ਪ੍ਰਗਤੀਵਾਦੀ ਤੇ ਪ੍ਰਯੋਗਵਾਦੀ ਕਾਵਿ-ਧਾਰਾ ਦੇ ਦੌਰ ਵਿਚ ਉਹਨਾਂ ਨੇ ਆਪਣੀ ਵੱਖਰੀ ਹਸਤੀ ਕਾਇਮ ਕਰ ਲਈ ਸੀ। ਪੰਜਾਬੀ ਕਾਵਿ-ਜਗਤ ਵਿਚ ਉਹਨਾਂ ਦੀ ਆਪਣੀ ਹੀ ਇਕ ਵਿਲੱਖਣ ਸੁਰ ਸੀ। ਸਾਹਿਤ ਦੇ ਵਿਦਵਾਨਾਂ ਨੇ ਡਾ. ਸਾਹਿਬ ਦੀ ਕਵਿਤਾ ਉਪਰ ਕਈ ਤਰ੍ਹਾਂ ਦੀਆਂ ਟਿੱਪਣੀਆਂ ਕੀਤੀਆਂ ਹਨ। ਉਹਨਾਂ ਦੀ ਕਵਿਤਾ ਵਿਚ ਵਿਸ਼ਾਦ ਦਾ ਸੁਰ ਹਮੇਸ਼ਾ ਤੀਬਰ ਰਿਹਾ ਹੈ। ਉਹ ਸੁਹਜਵਾਦੀ ਕਵੀ ਸਨ। ਉਹਨਾਂ ਦਾ ਕਲਪਨਾ ਲੋਕ ਦਾ ਘੇਰਾ ਬਹੁਤ ਵਿਸ਼ਾਲ ਹੈ। ਉਹਨਾਂ ਨੇ ਆਪਣੀ ਕਵਿਤਾ ਵਿਚ ਪ੍ਰਕਿਰਤੀ ਦਾ ਮਾਨਵੀਕਰਨ ਕੀਤਾ ਹੈ। ਬਿੰਬ ਰਚਨਾ ਉਹਨਾਂ ਦੀ ਨਿਵੇਕਲੀ ਹੈ। ਉਹਨਾਂ ਦੀ ਭਾਸ਼ਾ ਵਿਚ ਹਰ ਭਾਵ ਦੀ ਅਭਿਵਿਅਕਤੀ ਹੈ। ਉਹਨਾਂ ਦੀ ਕਵਿਤਾ ਬਾਹਰੀ ਯਥਾਰਥ ਦੀ ਥਾਂ 'ਤੇ ਵਧੇਰੇ ਅੰਤਰਮੁਖੀ ਹੈ। ਬਹੁਤ ਸਾਰੀਆਂ ਰਾਵਾਂ ਹਨ ਉਹਨਾਂ ਦੀ ਕਵਿਤਾ ਬਾਰੇ ਅਤੇ ਇਹ ਠੀਕ ਵੀ ਹਨ ਪਰ ਅਸਲੀਅਤ ਇਹ ਹੈ ਕਿ ਤਿੱਖੇ ਜੀਵਨ ਸੰਘਰਸ਼ 'ਚੋਂ ਲੰਘੇ ਡਾ. ਹਰਿਭਜਨ ਸਿੰਘ ਇਕ ਬਿਲਕੁਲ ਨਿਵੇਕਲੇ ਕਵੀ ਸਨ ਅਤੇ ਆਪਣੇ ਦੌਰ ਦੇ ਕਾਵਿ-ਜਗਤ ਵਿਚ ਉਹਨਾਂ ਦਾ ਸਿੱਕਾ ਸੀ। **ਲਾਸਾਂ** ਤੋਂ ਲੈ ਕੇ **ਰੇਗਿਸਤਾਨ 'ਚ ਲੱਕੜਹਾਰਾ** ਤਕ ਦੇ ਲੰਮੇ ਸਫ਼ਰ 'ਤੇ ਤੁਰਦਿਆਂ ਉਹ ਆਪਣੀਆਂ ਵੱਖ-ਵੱਖ ਕਾਵਿ-ਰਚਨਾਵਾਂ ਦੇ ਪਛਾਣ-ਚਿਹਨ ਛੱਡਦੇ ਚਲੇ ਗਏ। ਡਾ. ਸਾਹਿਬ ਦੀ ਇਕ ਕਵਿਤਾ ਦੀਆਂ ਸਤਰਾਂ ਮੇਰੇ ਦਿਲ ਦੇ ਬਹੁਤ ਕਰੀਬ ਹਨ :

ਆਪਣਾ ਸਿਰ ਕਟਾ ਕੇ
ਤਲੀ ਤੇ ਟਿਕਾ ਕੇ
ਜੀਣਾ ਬਹੁਤ ਮੁਸ਼ਕਲ ਹੈ

ਪਰ ਆਪਣੇ ਮੱਥੇ ਵਿਚ
ਜੋਤ ਇਕ ਜਗਾ ਕੇ
ਦੁਨੀਆ ਦੇ ਝਖੜ ’ਚੋਂ
ਅਣਬੁਝੇ ਲੰਘ ਜਾਣਾ
ਇਹ ਵੀ ਕਿਹੜਾ ਸੌਖਾ ਹੈ।

ਇਨਾਮਾਂ ਤੇ ਸਨਮਾਨਾਂ ਦੀ ਵੀ ਕਦੇ ਕਮੀ ਨਹੀਂ ਆਈ ਡਾ. ਹਰਿਭਜਨ ਸਿੰਘ ਨੂੰ। 1969 ਵਿਚ ਉਹਨਾਂ ਨੂੰ ਸਾਹਿਤ ਅਕੈਡਮੀ ਪੁਰਸਕਾਰ ਮਿਲਿਆ। **ਲੈਨਿਨ : ਨੈਣ-ਨਕਸ਼** ਪੁਸਤਕ ਲਈ ਸੋਵੀਅਤ ਲੈਂਡ ਨਹਿਰੂ ਐਵਾਰਡ ਨਾਲ ਸਨਮਾਨਿਆ ਗਿਆ। ਪੰਜਾਬੀ ਸਾਹਿਤ ਅਕੈਡਮੀ, ਦਿੱਲੀ ਤੇ ਹਰਿਆਣਾ ਦੀਆਂ ਸਰਕਾਰਾਂ ਨੇ ਵੀ ਵਾਰੋ-ਵਾਰੀ ਉਹਨਾਂ ਨੂੰ ਸਨਮਾਨ ਪ੍ਰਦਾਨ ਕੀਤੇ। ਹੋਰ ਵੀ ਬਹੁਤ ਸਾਰੇ ਮਾਣ-ਸਨਮਾਨ ਉਹਨਾਂ ਦੀ ਝੋਲੀ ਪੈਂਦੇ ਰਹੇ। ਹਰ ਸਨਮਾਨ ਦੀ ਆਪਣੀ ਅਹਿਮੀਅਤ ਹੁੰਦੀ ਹੈ ਪਰ ਜਦੋਂ ‘ਕਬੀਰ ਸਨਮਾਨ’ ਮਿਲਿਆ ਓਦੋਂ ਡਾ. ਸਾਹਿਬ ਦੇ ਪ੍ਰਸੰਸਕਾਂ ਦਾ ਸਿਰ ਮਾਣ ਨਾਲ ਉੱਚਾ ਹੋ ਗਿਆ। ਇਕ ਵਾਰ ਫਿਰ ਜਦੋਂ 1994 ਵਿਚ ਭਾਰਤ ਦੇ ਸਰਵੋਤਮ ਸਨਮਾਨ ‘ਸਰਸਵਤੀ ਪੁਰਸਕਾਰ’ ਨਾਲ ਡਾ. ਸਾਹਿਬ ਨੂੰ ਸਨਮਾਨਿਤ ਕੀਤਾ ਗਿਆ ਤਾਂ ਸਾਰੇ ਪੰਜਾਬੀ ਜਗਤ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ। ਇੰਨਾ ਵੱਡਾ ਸਨਮਾਨ ਪੰਜਾਬੀ ਭਾਸ਼ਾ ਦੇ ਲੇਖਕ ਦੇ ਹਿੱਸੇ ਆਇਆ ਸੀ। ਡਾ. ਸਾਹਿਬ ਦਾ ਨਾਂ ਸਾਰੀ ਦੁਨੀਆ ਦੇ ਨਾਮਵਰ ਸਾਹਿਤਕਾਰਾਂ ਦੀ ਫੈਰਿਸ਼ਤ ਵਿਚ ਉਭਰਵੇਂ ਅੱਖਰਾਂ ਵਿਚ ਦਰਜ ਹੋ ਗਿਆ ਸੀ।

ਫਿਰ ਆਮ ਤੌਰ ’ਤੇ ਸਨਮਾਨ ਬੰਦੇ ਵਿਚ ਹਉਮੈ ਪੈਦਾ ਕਰਦੇ ਹਨ ਪਰ ਇਸ ਪੱਖੋਂ ਵੀ ਡਾ. ਹਰਿਭਜਨ ਸਿੰਘ ਨੇ ਬਾਜ਼ੀ ਮਾਰ ਲਈ ਸੀ। ਵੱਡੀ ਤੋਂ ਵੱਡੀ ਪ੍ਰਾਪਤੀ ਤੇ ਬੁਲੰਦੀ ਦੇ ਬਾਵਜੂਦ ਉਹਨਾਂ ਵਿਚ ਕਿਨਕਾ ਮਾਤਰ ਵੀ ਹਉਮੈ ਪ੍ਰਵੇਸ਼ ਨਹੀਂ ਕਰ ਸਕੀ। ਸਾਰਾ ਜੀਵਨ ਉਹਨਾਂ ਨੇ ਹਲੀਮੀ ਵਿਚ ਗੁਜ਼ਾਰ ਦਿੱਤਾ। ਕਵਿਤਾ ਦੇ ਸਿਖ਼ਰ ’ਤੇ ਪਹੁੰਚ ਕੇ ਵੀ ਉਹਨਾਂ ਨੂੰ ਯਾਦ ਸੀ ਕਿ ਕਵਿਤਾ ਦਾ ਆਰੰਭ ਬਚਪਨ ਵਿਚ ਪਿੰਡ ਦੇ ਗੁਰਦੁਆਰੇ ਦੀ ਸਟੇਜ ’ਤੇ ਕਵਿਤਾ ਪਾਠ ਸੁਣਾ ਕੇ ਹੋਇਆ ਹੈ ਅਤੇ ਕਵਿਤਾ ਨਾਲ ਇਹੋ ਉਹਨਾਂ ਦਾ ਪਹਿਲਾ ਤਜ਼ਰਬਾ ਸੀ।

ਮੈਨੂੰ ਉਹਨਾਂ ਦੀ ਨੇੜਤਾ ਦਾ ਨਿੱਘ ਮਿਲਿਆ ਹੈ। ਉਹ ਮੇਰੀ ਪੀਐੱਚ.ਡੀ. ਦੇ ਨਿਗਰਾਨ ਸਨ ਅਤੇ ਇਸ ਨਾਤੇ ਅਕਾਦਮਿਕ ਵਿਚਾਰ-ਵਟਾਂਦਰਾ ਸਾਡੇ ਵਿਚਕਾਰ ਚਲਦਾ ਰਹਿੰਦਾ ਸੀ। ਸਿੱਖ ਧਰਮ ਗ੍ਰੰਥਾਂ ਤੇ ਇਤਿਹਾਸਕ ਲਿਖਤਾਂ ਉਪਰ ਆਧਾਰਿਤ ਮੇਰੇ ਖੋਜ-ਕਾਰਜ ਦੌਰਾਨ ਮੈਨੂੰ ਇਸ ਗੱਲ ਦਾ ਸਪਸ਼ਟ ਅਹਿਸਾਸ ਹੋਇਆ ਕਿ ਡਾ. ਹਰਿਭਜਨ ਸਿੰਘ ਸਿਰਫ਼ ਭਾਸ਼ਾਈ ਸਾਹਿਤ ਦੇ ਹੀ ਵਿਦਵਾਨ ਨਹੀਂ ਸਗੋਂ ਉਹਨਾਂ ਵਿਚ ਧਰਮ ਸਾਹਿਤ ਦੀ ਵੀ ਡੂੰਘੀ ਪਕੜ ਮੌਜੂਦ ਹੈ। ਬਾਣੀ ਤੇ ਇਤਿਹਾਸ ਵਿਚ ਸਮੋਏ ਸਿਧਾਂਤ ਤੇ ਵਿਹਾਰ ਦੀਆਂ ਗੱਲਾਂ ਉਹਨਾਂ ਦੇ ਸਹਿਜ ਗਿਆਨ ਦੇ ਘੇਰੇ ਵਿਚ ਸਨ। ਕਈ ਵਾਰ ਮੈਨੂੰ ਇੱਦਾਂ ਵੀ ਮਹਿਸੂਸ ਹੋਇਆ ਜਿੱਦਾਂ ਉਹਨਾਂ ਪਾਸ ਕਿਸੇ ਕਿਸਮ ਦਾ ਅਨੁਭਵ ਹੈ, ਇਹ ਅਨੁਭਵ ਤਜਰਬਾ ਵੀ ਹੋ ਸਕਦਾ ਹੈ, ਦੈਵੀ ਕ੍ਰਿਪਾ ਦਾ ਪਰਸ਼ਾਦ ਵੀ। ਪੇਚੀਦਾ ਤੋਂ ਪੇਚੀਦਾ ਮਸਲੇ ਉਹਨਾਂ ਦੀ ਨਿਖੇੜਵੀਂ ਸ਼ੈਲੀ ਅੱਗੇ ਆਪਣੀਆਂ ਪਰਤਾਂ ਖੋਹਲਦੇ ਨਜ਼ਰ ਆਉਂਦੇ ਸਨ। ਇਸੇ ਦੌਰਾਨ ਮੈਨੂੰ ਇਹ ਵੀ ਮਹਿਸੂਸ ਹੋਇਆ ਕਿ ਡਾ. ਸਾਹਿਬ ਦਾ ਗੁਰੂ-ਘਰ ਵਿਚ ਅਟੁਟ ਅਕੀਦਾ ਹੈ, ਸਿੱਖ ਪਰੰਪਰਾ ਅਤੇ ਉਸ ਦੀਆਂ ਸੰਸਥਾਵਾਂ ਪ੍ਰਤੀ ਉਹਨਾਂ ਵਿਚ ਭਰਪੂਰ ਸ਼ਰਧਾ ਸੀ। ਇਹ ਠੀਕ ਹੈ ਕਿ ਸਿਧਾਂਤਾਂ, ਸੰਕਲਪਾਂ, ਵਿਚਾਰਾਂ ਦਾ ਪਾਰਖੂ ਦ੍ਰਿਸ਼ਟੀ ਨਾਲ ਮੁਲੰਕਣ ਕਰਨਾ ਉਹਨਾਂ ਦੇ ਅਕਾਦਮਿਕ ਸੁਭਾਅ ਦਾ ਹਿੱਸਾ ਸੀ ਅਤੇ ਇਹ ਜ਼ਰੂਰੀ ਵੀ ਹੈ।

ਇਕ ਨਿਗਰਾਨ ਦੇ ਤੌਰ ’ਤੇ ਡਾ. ਸਾਹਿਬ ਆਪਣੇ ਵਿਦਿਆਰਥੀਆਂ ਨਾਲ ਕਿੱਦਾਂ ਦਾ ਰਿਸ਼ਤਾ ਬਣਾ ਲੈਂਦੇ ਸਨ, ਇਸ ਦਾ ਖੁਲਾਸਾ ਉਹਨਾਂ ਆਪ ਮੇਰੀ ਕਿਤਾਬ ਦੀ ਭੂਮਿਕਾ ਲਿਖਦਿਆਂ ਕੀਤਾ ਹੈ। ਉਹਨਾਂ ਦਾ ਕਹਿਣਾ ਹੈ : ਨੋਬਲ ਪੁਰਸਕਾਰ ਵਿਜੇਤਾ ਆਂਦਰੇ ਯੀਦ ਨੂੰ ਕਿਸੇ ਨੇ ਪੁੱਛਿਆ, “ਤੂੰ ਏਡਾ ਵਿਦਵਾਨ ਕਿਵੇਂ ਬਣ ਗਿਆ? ਤੇਰੇ ਨਾਲ ਗੱਲਬਾਤ ਕਰਦਿਆਂ ਜਾਪਦਾ ਹੈ ਕਿ ਤੂੰ ਸਰਬਗਿਆਤਾ ਹੈਂ, ਜ਼ਿੰਦਗੀ ਦੇ ਅਨੇਕਾਨੇਕ ਵਿਸ਼ਿਆਂ ਦੀ ਤੈਨੂੰ ਬੜੀ ਪ੍ਰਮਾਣਿਕ ਵਾਕਫ਼ੀ ਹੈ। ਤੂੰ ਤਾਂ ਮੌਲਿਕ ਰਚਨਾਵਾਂ ਲਿਖਣ ਵਿਚ ਹੀ ਬਹੁਤ ਰੁੱਝਾ ਰਹਿੰਦਾ ਹੈਂ। ਏਨਾ ਕੁਝ ਪੜ੍ਹਨ ਦਾ ਵਕਤ ਤੈਨੂੰ ਕਿਵੇਂ ਮਿਲ ਜਾਂਦਾ ਹੈ?” ਆਂਦਰੇ ਯੀਦ ਨੇ ਜਵਾਬ ਦਿੱਤਾ, “ਪੜ੍ਹਦੇ ਤਾਂ ਮੇਰੇ ਦੋਸਤ ਹਨ, ਮੈਂ ਉਹਨਾਂ ਨੂੰ ਗੱਲਾਂ ਕਰਦਿਆਂ ਸੁਣਦਾ ਹਾਂ। ਗਿਆਨ ਦੇ ਜਿਸ ਖੇਤਰ ਦੇ ਉਹ ਧਨੀ ਹੁੰਦੇ ਹਨ, ਮੈਂ ਉਸ ਵਿਚ ਪ੍ਰਵੇਸ਼ ਹੀ ਨਹੀਂ ਕਰਦਾ, ਸਿਰਫ਼ ਉਹਨਾਂ ਦੀਆਂ ਗੱਲਾਂ ਨੂੰ ਸੁਣ ਕੇ ਆਪਣੇ ਅੰਦਰ ਵਸਾ ਲੈਂਦਾ ਹਾਂ। ਏਦਾਂ ਦੋਸਤਾਂ ਨਾਲ ਸੰਬੰਧ ਵੀ ਗੂੜ੍ਹੇ ਹੋ ਜਾਂਦੇ ਹਨ ਤੇ ਮੇਰਾ ਗਿਆਨ ਵੀ ਵੱਧਦਾ ਰਹਿੰਦਾ ਹੈ”। ਬਸ, ਇਹੋ ਜਿਹਾ ਹੀ ਸੰਬੰਧ ਮੇਰਾ ਜਸਪਾਲ ਸਿੰਘ ਨਾਲ ਹੈ।

ਸਚਮੁੱਚ ਸਾਹਿਤ ਜਗਤ ਡਾ. ਹਰਿਭਜਨ ਸਿੰਘ ਨੂੰ ਲੰਮਾ ਸਮਾਂ ਯਾਦ ਰੱਖੇਗਾ। ਉਹਨਾਂ ਦੀਆਂ ਰਚਨਾਵਾਂ ਦੇ ਪਾਠ ਦਾ ਆਨੰਦ ਮਾਣੇਗਾ, ਉਹਨਾਂ ਦੇ ਅੰਤਰੀਵ ਭਾਵ ਦਾ ਅਨੁਭਵ ਕਰੇਗਾ। ਉਹਨਾਂ ਨਾਲ ਸਾਹਿਤਕ ਮਹਿਫ਼ਲਾਂ ਵਿਚ ਬਿਤਾਏ ਸਮੇਂ ਦੀਆਂ ਯਾਦਾਂ ਨੂੰ ਤਾਜ਼ਾ ਕਰਦਾ ਰਹੇਗਾ ਅਤੇ ਇੰਤਜ਼ਾਰ ਕਰੇਗਾ ਕਿ ਫਿਰ ਕਦੋਂ ਸਾਹਿਤ ਦੀ ਬਹਾਰ ਮੁੜ ਫੇਰਾ ਪਾਵੇਗੀ। ਆਪਣੀ ਗੱਲ ਨੂੰ ਉਹਨਾਂ ਦੀਆਂ ਹੀ ਸਤਰਾਂ ਨਾਲ ਸਮੇਟ ਰਿਹਾ ਹਾਂ –

ਮਾਣਸ ਜਨਮ ਦੁਬਾਰਾ ਪਾਵਾਂ।
ਏਸ ਹੀ ਦੇਸ਼ ਪੰਜਾਬ ’ਚ ਆਵਾਂ।
ਵੱਢੇ-ਟੁੱਕੇ ਦੇਸ਼ ’ਚ ਵੱਢੇ-ਟੁੱਕੇ ਘਰ ’ਚ,
ਵੱਢੀ-ਟੁੱਕੀ ਜਾਤ ਦਾ ਮੈਂ ਅਖਵਾਵਾਂ।
ਬਿਰਖ ਨਿਪੱਤਰੇ ’ਤੇ ਚੰਦਰਾ ਪੰਛੀ,
ਗੀਤ ਵਿਗੋਚੇ ਦੇ ਹਰਦਮ ਗਾਵਾਂ।
ਮੱਸਿਆ ਦਿਹਾੜੇ ਹਰਿ ਸਰ ਜਾਵਾਂ।
ਪੁੰਨਿਆ ਨੂੰ ਇਸ਼ਕ ਝਨਾਂ ਵਿਚ ਨ੍ਹਾਵਾਂ। **(ਨਿੱਕ ਸੁੱਕ)**

---

*ਸਾਬਕਾ ਵਾਈਸ-ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਮੈਂਬਰ, ਕੌਮੀ ਘੱਟਗਿਣਤੀ ਸਿੱਖਿਆ ਸੰਸਥਾ ਆਯੋਗ, ਭਾਰਤ ਸਰਕਾਰ।

✧ ✧ ✧ ✧ ✧

# ਅਜ਼ਾਂ ਗੁਰੂਦੇਵ ਦੀਆਂ

❖ ਡਾ. ਸਤਿੰਦਰ ਸਿੰਘ*

ਅਧਿਆਪਕ ਵੀ ਕਈ ਤੇ ਉਸਤਾਦ ਵੀ ਅਨੇਕਾਂ ਪਰ ਕਿਸੇ-ਕਿਸੇ ਨੂੰ ਪਤਾ ਹੁੰਦੈ ਕਿ ਉਸਤਾਦ ਕੀ ਸ਼ੈਅ ਹੈ? ਤੇ ਉਸਤਾਦ ਹੋਣ ਦਾ ਕੀ ਮਤਲਬ ਹੁੰਦਾ ਹੈ? ਪੜ੍ਹਾਉਣਾ, ਗਾਈਡ ਕਰਨਾ ਤੇ ਡਿਗਰੀ ਲੈਣ ਲਈ ਸਟੇਜ ਉਪਰ ਚੜ੍ਹਾਉਣ ਦਾ ਕੰਮ ਤਾਂ ਹਰ ਕੋਈ ਕਰ ਹੀ ਲੈਂਦਾ ਹੈ ਪਰ ਡਾ. ਹਰਿਭਜਨ ਸਿੰਘ ਤੇਰਾ ਤਾਂ ਰਸਤਾ ਹੀ ਹੋਰ ਸੀ...ਤੇ ਉਹ ਸੀ ਵਿਸ਼ਾਲਤਾ ਤੇ ਖੁੱਲ੍ਹਾਂ ਭਰਪੂਰ ਮਾਰਗ। ਇਹ ਬੜਾ ਸਾਰਥਕ ਮਾਰਗ-ਦਰਸ਼ਨ ਹੁੰਦਾ ਸੀ...ਅਨੰਤ ਖੁੱਲ੍ਹਾਂ, ਪਿਆਰ ਤੇ ਹਮਦਰਦੀ ਭਰਿਆ ਤੇ ਕਈ ਦਾਤਾਂ ਵੰਡਣ ਵਾਲਾ ਤੇ ਕਦੇ-ਕਦੇ ਵਿਚ-ਵਿਚ ਵੈਰ-ਵਿਰੋਧਾਂ ਦੀ ਇਸ਼ਾਰਤਨ ਸਮਝ ਕਰਾਉਣ ਵਾਲਾ।

ਡਾ. ਹਰਿਭਜਨ ਸਿੰਘ ਜੇਹੀ ਗੁਰੂ ਸ਼ਖ਼ਸੀਅਤ ਪੱਲੇ ਪੈਣੀ ਚੰਗੇ ਕਰਮਾਂ ਦਾ ਫ਼ਲ ਸੀ ਤੇ ਚੰਗੇ ਭਾਗਾਂ ਦੀ ਨਿਸ਼ਾਨੀ ਹੀ ਹੋਏਗੀ। ਵਾਹ ਤੇਰੇ ਚੋਜ ਗੁਰੂਦੇਵ!

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਸੁਭਵਾਨ ਅਫ਼ਸਰ ਡਾ. ਨਿਰਮਲ ਜੌੜਾ ਨੇ ਇਕ ਵੈਬੀਨਾਰ 'ਚ ਬੜਾ ਰੌਚਕ ਤੇ ਪ੍ਰਤੀਕ ਰੂਪੀ ਬਿਰਤਾਂਤ ਸੁਣਾਇਆ। ਉਸਨੇ ਹਰਿਆਣਾ ਦੇ ਕਿਸੇ ਕਾਲਜ 'ਚ ਹੀਰ-ਰਾਂਝੇ ਉਪਰ ਖੇਡੇ ਗਏ ਇਕ ਸਕਿਟ/ਨਾਟਕ ਬਾਰੇ ਵਰਣਨ ਕੀਤਾ। ਇਸ ਵਿਚ ਉਸਦਾ ਪ੍ਰਸੰਗ ਸੀ ਗੁਰੂ ਬਾਲ ਨਾਥ ਤੇ ਚੇਲੇ ਰਾਂਝੇ ਦਾ। ਰਾਂਝੇ ਦਾ ਇਕੋ-ਇਕ ਮਕਸਦ ਸੀ: ਹੀਰ ਤੇ ਉਸਦੀ ਪ੍ਰਾਪਤੀ ਲਈ ਉਹ ਗੁਰੂ ਬਾਲ ਨਾਥ ਦੀ ਹਰ ਗੱਲ ਪ੍ਰਵਾਨ ਕਰਦਾ ਤੇ ਅਮਲ ਵੀ ਕਰਦਾ। ਕੁਝ ਸਮੇਂ ਬਾਅਦ ਗੁਰੂ ਉਸਦੀ ਲਗਨ ਉਪਰ ਖੁਸ਼ ਹੋਇਆ ਤੇ ਰਾਂਝੇ ਨੂੰ ਆਖਦੈ, "ਚਲ ਤੈਨੂੰ ਤੇਰੀ ਹੀਰ ਨਾਲ ਮਿਲਾ ਲਿਆਈਏ"। ਤਾਂ ਰਾਂਝਾ ਛੇਤੀ ਨਾਲ ਗੁਰੂ ਦੇ ਮੂਹਰੇ ਲਗ ਗਿਆ ਤੇ ਕਾਹਲੀ 'ਚ ਬੋਲਿਆ ਚਲੋ ਗੁਰੂ ਜੀ ਚਲੀਏ ਉਹਦੇ ਘਰੇ। ਤਾਂ ਬਾਲ ਨਾਥ ਬੋਲਿਆ, "ਰਾਂਝਿਆ ਉਹ ਗੁਰੂ ਕਾਹਦਾ ਜਿਹੜਾ ਚੇਲੇ ਦੇ ਮਗਰ ਲੱਗ ਤੁਰੇ...ਤੇਰਾ ਖ਼ਿਆਲ ਏ ਕਿ ਮੈਂ ਤੇਰੇ ਪਿੱਛੇ-ਪਿੱਛੇ ਲੱਗ ਕੇ ਤੁਰ ਪਵਾਂਗਾ"। ਸੋ ਮੌਕਾ ਅਜਾਂਈ ਚਲਾ ਗਿਆ। ਰਾਂਝੇ ਨੇ ਦੋ ਮਹੀਨੇ ਹੋਰ ਮਿਹਨਤ ਕੀਤੀ ਕੰਮ-ਕਾਰ, ਸੇਵਾ.....ਤਾਂ ਦੋ ਕੁ ਮਹੀਨੇ ਮਗਰੋਂ ਗੁਰੂ ਫੇਰ ਪਸੀਜਿਆ ਤੇ ਉਸ ਕਿਹਾ ਚਲ ਬਈ ਰਾਂਝਿਆ ਤੈਨੂੰ ਹੀਰ ਨਾਲ ਮਿਲਾ ਲਿਆਈਏ ਤਾਂ ਇਸ ਵਾਰ ਫੇਰ ਰਾਂਝਾ ਝਟ ਗੁਰੂ ਦੇ ਪਿੱਛੇ ਹੋ ਕੇ ਖੜ੍ਹ ਗਿਆ ਤੇ ਬੋਲਿਆ, ਚਲੋ ਜੀ ਗੁਰੂ ਜੀ ਤੁਸੀਂ ਲਗੋ ਮੂਹਰੇ ਮੈਂ ਤੁਹਾਡੇ ਪਿੱਛੇ-ਪਿੱਛੇ ਤੁਰਦਾ ਹਾਂ, ਤਾਂ ਬਾਲ ਨਾਥ ਬੋਲਿਆ, "ਰਾਂਝਿਆ ਉਹ ਗੁਰੂ ਹੀ ਕਾਹਦਾ ਜਿਹੜਾ ਚੇਲੇ ਨੂੰ ਕਹੇ ਕਿ ਤੂੰ ਮੇਰੇ ਪਿੱਛੇ-ਪਿੱਛੇ ਤੁਰ ਤੇ ਮੈਂ ਤੇਰੇ ਮੂਹਰੇ ਲਗਦਾ ਹਾਂ"। ਰਾਂਝਾ ਫੇਰ ਕੁੜਿੱਕੀ 'ਚ ਫਸ ਗਿਆ। ਤੀਜੀ ਵਾਰ ਦੋ ਕੁ ਮਹੀਨੇ ਮਗਰੋਂ ਜਦ ਗੁਰੂ ਨੇ ਫੇਰ ਕਿਹਾ ਤਾਂ ਰਾਂਝਾ ਖੜ੍ਹਾ ਹੀ ਨਾ ਹੋਇਆ ਤੇ ਹੱਥ ਜੋੜ ਕੇ ਕਹਿਣ ਲੱਗਾ ਗੁਰੂ ਜੀ ਨਾ ਮੈਂ ਤੁਹਾਡੇ ਮੂਹਰੇ ਲਗਦਾਂ ਨਾ ਪਿੱਛੇ, ਤੁਸੀਂ ਹੀ ਦੱਸੋ ਕਿ ਮੈਂ ਕੀ ਕਰਾਂ? ਤਾਂ ਗੁਰੂ ਬੋਲਿਆ ਮੇਰਾ ਮਤਲਬ ਹੀ ਇਹ ਸਮਝਾਉਣਾ ਸੀ ਕਿ ਗੁਰੂ ਨਾ ਕਦੇ ਮੂਹਰੇ ਹੋਏ ਨਾ ਪਿੱਛੇ। ਗੁਰੂ ਤੇ ਚੇਲੇ ਦਾ ਰਿਸ਼ਤਾ ਪਰਸਪਰ ਸਹਿਯੋਗੀ ਵਾਲਾ ਹੁੰਦਾ ਹੈ। ਗੁਰੂ ਤੇ ਚੇਲੇ ਦੀ ਮਿਲ ਕੇ ਸ਼ਕਤੀ ਬਣਦੀ ਹੈ, ਤੂੰ ਮੇਰੀ ਬਾਂਹ 'ਚ ਬਾਂਹ ਪਾ, ਆਪਾਂ ਦੋਵੇਂ ਮਿਲਕੇ ਚਲਦੇ ਹਾਂ। ਜੇਕਰ ਅਸੀਂ ਬਰਾਬਰ-ਬਰਾਬਰ ਤੁਰਾਂਗੇ ਤਾਂ ਸਾਡੀ ਸ਼ਕਤੀ ਦੋਗੁਣੀ ਹੋ ਜਾਏਗੀ। ਸੋ, ਗੁਰੂ ਤੇ ਚੇਲੇ ਦਾ ਰਿਸ਼ਤਾ ਦੋਗੁਣੀ ਸ਼ਕਤੀ ਪੈਦਾ ਕਰਨ ਦਾ ਮਾਰਗ ਹੈ।



ਪ੍ਰਧਾਨ ਮੰਤਰੀ ਨਰਸਿਮਹਾ ਰਾਓ ਤੋਂ ਸਰਸਵਤੀ ਸਨਮਾਨ ਪ੍ਰਾਪਤ ਕਰਦੇ ਹੋਏ

ਵਾਹ ਓਏ ਗੁਰੂਦੇਵ ਡਾ. ਹਰਿਭਜਨ ਸਿੰਘ ਤੂੰ ਵੀ ਤਾਂ ਬਾਲ ਨਾਥ ਹੀ ਸੀ। ਤੂੰ ਆਪਣੇ ਹਰ ਚੇਲੇ ਨੂੰ ਬਾਹਾਂ 'ਚ ਬਾਹਾਂ ਪਾ ਕੇ ਨਾਲ-ਨਾਲ ਤੋਰਿਆ, ਪਿਆਰ ਪਾਇਆ, ਨਿੱਘ ਦਿੱਤਾ, ਆਪਣਾ ਜਾਣਿਆ ਤੇ ਹਰੇਕ ਦੇ ਅੰਗ-ਸੰਗ ਰਿਹਾ। ਪੂਰਾ ਸ਼ਕਤੀਵਰ ਕੀਤਾ ਤੇ ਦੋਗੁਣੀ, ਤ੍ਰੈਗੁਣੀ ਸ਼ਕਤੀ ਬਣਾਇਆ।

ਇਹ ਇਕ ਮਾਡਲ ਸੀ ਤੇ ਦੂਜਾ ਇਕ ਹੋਰ ਜ਼ਬਰਦਸਤ ਮਾਡਲ ਵੀ ਸਾਡੇ ਇਤਿਹਾਸ ਦੀ ਆਨ-ਸ਼ਾਨ ਹੈ। ਤੇ ਉਹ ਹੈ: 'ਆਪੇ ਗੁਰ ਚੇਲੇ' ਦਾ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਕੌਤਕ—ਆਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਪੰਜ ਪਿਆਰਿਆਂ ਦੀ ਸਾਜਨਾ। ਇਸ ਇਤਿਹਾਸ ਦੇ ਪ੍ਰਸੰਗ ਦਾ ਵਰਣਨ ਵੀ ਡਾ. ਹਰਿਭਜਨ ਸਿੰਘ ਨੇ ਆਪਣੀ ਇਕ ਬੜੀ ਪ੍ਰਭਾਵਸ਼ਾਲੀ ਕਵਿਤਾ 'ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ' ਵਿਚ ਇੰਞ ਕੀਤਾ ਹੈ:

**ਉਦੋਂ ਹਾਜ਼ਰ ਸਾਂ ਮੈਂ**
**ਤੇਰੇ ਹੱਥ ਵਿਚ ਜਦੋਂ ਤਲਵਾਰ**
**ਨੰਗੀ ਪਿਆਸ ਵਾਂਗੂ ਤੜਫੜਾਈ ਸੀ**
**ਲਹਿਰਦਾ, ਸੁਲਗਦਾ ਮੇਲਾ**
**ਜਦੋਂ ਸੁੱਕੇ ਸਰੋਵਰ ਵਾਂਗ ਗੁੰਮ ਸੁੰਮ ਬੁੱਝ ਗਿਆ ਸੀ**
**ਦੂਰ ਤੀਕਰ ਚੁੱਪ ਦੇ ਬੰਜਰ ਵਿਛੇ ਸਨ**
**ਜਿਨ੍ਹਾਂ ਦੇ ਵਿਚ ਸਵਾਸ ਵੀ ਉੱਗਦਾ ਨਹੀਂ ਪੂਰਾ...**

ਉੱਥੇ ਦਸਮ ਪਾਤਸ਼ਾਹ ਨੇ ਖੰਡੇ-ਬਾਟੇ ਦਾ ਅੰਮ੍ਰਿਤ ਖ਼ੁਦ ਤਿਆਰ ਕੀਤਾ, ਪੰਜਾਂ ਪਿਆਰਿਆਂ ਨੂੰ ਛਕਾਇਆ ਤੇ ਆਪਣਾ ਇਕ ਹੋਰ ਕਮਾਲ ਦਿਖਾਉਂਦੇ ਹੋਏ ਖ਼ੁਦ ਵੀ ਉਨ੍ਹਾਂ ਪਾਸੋਂ ਛਕਿਆ ਤੇ 'ਆਪੇ ਗੁਰ ਚੇਲਾ' ਬਣਨ ਦੀ ਜਾਚ ਸਿਖਾਈ।

ਤੂੰ ਵੀ ਹਰਿਭਜਨ ਸਿੰਘ ਇਹੀ ਬੇਮਿਸਾਲ ਰੀਤ ਆਪਣੇ ਜੀਵਨ 'ਚ ਉਤਾਰੀ ਤੇ ਨਿਭਾਈ...ਤੇ ਆਪਣੇ ਚੇਲਿਆਂ ਦਾ ਸਵੈ-ਮਾਨ ਵਧਾਇਆ। ਤੂੰ ਅਨੇਕਾਂ ਉਤਸ਼ਾਹੀ ਬੋਲ ਬੋਲਦਾ ਤੇ ਸੰਚਾਰ ਕਰਦਾ ਰਿਹਾ। ਉਪਰੋਕਤ ਰੀਤ ਵਾਲਾ ਤੇਰਾ ਇਕ ਪ੍ਰੇਰਨਾਮਈ ਬੋਲ ਸੀ:

ਆਸ ਏ ਤੂੰ ਇਸ ਤੋਂ ਚੰਗੀਆਂ ਕਿਤਾਬਾਂ ਲਿਖੇਂਗਾ (11.02.1975)

ਤੂੰ ਅਜਿਹੇ ਬੋਲਾਂ ਦਾ ਉਸਤਾਦ/ਗੁਰੁਦੇਵ ਸੀ। ਤੇਰੇ ਸਾਰੇ ਅਜਿਹੇ ਬੋਲ ਉਪਰੋਕਤ ਗੁਰੂ ਪਰੰਪਰਾ ਦੇ ਮਾਡਲ ਦੇ ਹੀ ਅਨੁਸਾਰੀ ਸਨ। ਨਾਲੇ ਗੁਰੂ ਤੇ ਨਾਲੇ ਚੇਲਾ।

ਤੇ ਫੇਰ ਬੇਦਾਵੇ ਵਾਲੀ ਹਾਲਤ ਵੀ ਆਈ....ਤੇਰੇ ਕੁਝ ਚੇਲਿਆਂ ਨੇ ਬੇਦਾਵੇ ਦਾ ਐਲਾਨ ਕੀਤਾ। ਕਿਉਂ? ਸ਼ਾਇਦ ਆਪਣੀਆਂ ਵੱਖਰੀਆਂ ਮੌਜਾਂ ਤੇ ਵੱਖਰੀ ਹਸਤੀ ਜਾਂ ਹੋਂਦ ਦੀਆਂ ਕੁਝ ਅਖਾਉਤੀ ਚਿੰਤਾਵਾਂ ਦੀ ਖਾਤਰ। ਉਨ੍ਹਾਂ ਵੱਖੀ ਪਰਨਿਓ ਬੋਲ ਕੇ ਆਪਣੀ ਗਰਜ਼ ਨੂੰ ਪੂਰਾ ਕੀਤਾ। ਪਰ ਤੂੰ ਅਡੋਲ ਤੇ ਨਿਸਚਿੰਤ ਬਣਿਆ ਰਿਹਾ। ਤੇ ਜ਼ਹਿਰ ਅੰਦਰੇ-ਅੰਦਰ ਡੀਕਦਾ ਰਿਹਾ। ਤੇਰੇ ਕਈ ਨਿਕਟੀ ਇਸੇ ਬੇਮੁਖਤਾ ਤੋਂ ਬਹੁਤ ਔਖੇ ਸਨ ਪਰ ਤੇਰੀ ਬਰਦਾਸ਼ਤ ਸ਼ਕਤੀ ਨੂੰ ਦੇਖ-ਦੇਖ ਇਸਨੂੰ ਗੁਰੂ ਦੇ ਸਬਕ ਵਜੋਂ ਪ੍ਰਵਾਨ ਕਰਦੇ ਰਹੇ।

ਇਹ ਤਾਂ ਸਾਡੀ ਪਰੰਪਰਾ ਤੇ ਇਤਿਹਾਸ ਹੀ ਸੀ, ਜੋ ਦੁਹਰਾਇਆ ਜਾ ਰਿਹਾ ਸੀ। ਉਹ ਸਮਾਂ ਵੀ ਆਇਆ ਤੇ ਉਨ੍ਹਾਂ ਸਨਮੁਖਾਂ ਨੂੰ ਜ਼ਮੀਰ ਨੇ ਸਤਾਇਆ, ਉਨ੍ਹਾਂ ਨੂੰ ਆਪਣੀ ਮਾੜੀ ਕਰਨੀ ਦਾ ਸ਼ਾਇਦ ਅਹਿਸਾਸ ਵੀ ਹੋਇਆ। ਉਹ ਅਨੈਤਿਕਤਾ ਤੇ ਬੇਮੁਖਤਾ ਦੀਆਂ ਚੋਭਾਂ ਤੋਂ ਪਛਤਾਂਦੇ ਪਰ ਵਕਤ ਬੜਾ ਬਲਵਾਨ ਸੀ, ਜੋ ਨਿਕਲਿਆ ਤਾਂ ਹੱਥ ਨਹੀਂ ਆਉਂਦਾ।....


ਖੈਰ ਅਸਾਂ ਚੇਲਿਆਂ ਨੇ ਤੇਰੇ ਤੋਂ ਬਹੁਤ ਕੁਝ ਸਿੱਖਿਆ...ਗੋਤੇ ਮਾਰ-ਮਾਰ ਕਈ ਅਣਮੋਲ ਚੀਜ਼ਾਂ ਲਭ-ਲਭ ਕੇ ਉਪਰ ਲਿਆਉਂਦੇ ਰਹੇ। ਤਾ-ਉਮਰ ਤੂੰ ਲਿਖ ਕੇ ਪੜ੍ਹਾਇਆ ਤੇ ਪੜ੍ਹ ਕੇ ਲਿਖਿਆ ਅਤੇ ਅਧਿਆਪਨ ਦਾ ਕੰਮ ਇਕ ਵਿਦਿਆਰਥੀ ਵਾਂਗ ਕੀਤਾ। ਤੂੰ ਕਿਹਾ ਕਰਦਾ ਸੀ:

"ਮੈਂ ਹਰ ਰੋਜ਼ ਮੋਢਿਆਂ ਤੇ ਚੜ੍ਹ ਕੇ ਛਾਲ ਮਾਰਦਾ ਹਾਂ, ਮੈਂ ਪਾਠਕ ਵਾਂਗ ਲਿਖਦਾ, ਲੇਖਕ ਵਾਂਗ ਪੜ੍ਹਦਾ ਅਤੇ ਵਿਦਿਆਰਥੀ ਵਾਂਗ ਪੜ੍ਹਾਉਂਦਾ ਹਾਂ। ਮੇਰੀ ਤਕਰਾਰ ਮੇਰੇ ਆਪਣੇ ਨਾਲ ਹੈ।"

ਤੂੰ ਕਈ ਕਮਾਲਾਂ ਕਰਦਾ ਰਿਹਾ, ਇਕ ਕਮਾਲ ਇਹ ਸੀ ਕਿ ਤੂੰ ਆਪਣੀ ਇਕ ਪੁਸਤਕ ਦਾ ਸਿਰਲੇਖ 'ਮੇਰੀ ਪਸੰਦ' ਰੱਖਿਆ ਤੇ ਆਪਣੇ ਹੀ ਇਕ ਸ਼ਿਸ਼ ਨੂੰ ਸਮਰਪਿਤ ਵੀ ਕੀਤੀ। ਗੱਲ ਲਿਖਣ-ਕਾਲ ਦੇ ਕੁਝ ਮਗਰਲੇ ਸਾਲਾਂ ਦੀ ਸੀ, ਜਿਸਦਾ ਬਦਨਸੀਬ ਸ਼ਿਸ਼ ਨੂੰ ਪਤਾ ਨਾ ਚਲਿਆ ਤੇ ਤੇਰੀ ਮਹਾਨਤਾ ਨੂੰ ਨਮਸਕਾਰ ਨਾ ਹੋ ਸਕਿਆ। ਪਰ ਇਹ ਉੱਚਤਾ ਤੇ ਮਾਡਲ ਜਗ ਜ਼ਾਹਰ ਹੈ ਜਿਸਦਾ ਕੋਈ ਪਾਰਾਵਾਰ ਨਹੀਂ। ਤੂੰ ਅਸਲ ਅਰਥਾਂ 'ਚ ਮਹਾਨ ਹੈ ਤੇ ਤੇਰਾ ਸਨਮਾਨ ਸਦੀਵੀ ਹੈ।

ਗੁਰੂ ਤੋਂ ਮਗਰੋਂ ਚੇਲੇ ਨਾਲ ਵੀ ਉਹੀ ਇਤਿਹਾਸ ਵਾਪਰਿਆ ਜੋ ਤੇਰੇ ਤੋਂ ਸਿੱਖਿਆ ਸੀ ਉਹੀ ਕੀਤਾ। ਮੈਂ ਵੀ ਹਰੇਕ ਆਪਣੇ ਚੇਲੇ ਨੂੰ ਨਾਲ ਰੱਖਿਆ, ਬਾਹਾਂ 'ਚ ਬਾਹਾਂ ਪਾਕੇ ਚਲਾਇਆ ਤੇ ਕਈ ਵਾਰ ਇਸ ਤੋਂ ਵੱਧ ਵਾਲਾ ਮਾਡਲ—ਪਰ ਉਨ੍ਹਾਂ ਨੂੰ ਕਦੇ ਆਪਣੇ ਨਾਲ ਬੰਨ੍ਹ ਕੇ ਨਾ ਰੱਖਿਆ...ਖੁੱਲ੍ਹਾਂ ਦਿੱਤੀਆਂ, ਇਕ ਬਿੰਦੂ ਉਪਰ ਨਾ ਸਿਮਟਿਆ, ਸੁਤੰਤਰ ਵਿਚਰਨ ਤੇ ਸੋਚਣ ਦੀ ਸੇਧ ਦਿੱਤੀ ਤੇ ਸਿੱਕੇ ਦਾ ਦੂਜਾ ਪਾਸਾ ਵਾਚਨ ਦਾ ਪਾਠ ਵੀ ਸਿੱਖਿਆ...ਤੇ ਸਮਾਂ ਪਾ ਕੇ ਗਰਜ਼ ਪੂਰੀ ਹੋਣ ਤੇ ਉਹ ਵੀ ਬਾਗ਼ੀ ਹੋ ਗਏ, ਉਨ੍ਹਾਂ ਨੂੰ ਲਾਭਵਾਦੀ ਰੁਚੀ ਜ਼ਿਆਦਾ ਪਸੰਦ ਆਈ ਤੇ ਸਭ ਤਿੱਤਰ ਹੋ ਗਏ, ਬਹੁਤ ਥੋੜ੍ਹੇ ਜੁੜੇ ਰਹੇ ਅਜੇ ਵੀ। ਇੱਥੇ ਵੀ ਬੇਮੁਖੀ ਪਛਤਾਏ ਪਰ ਸਮਾਂ ਉੜਦਾ ਜਾਂਦਾ ਸੀ। ਹਾਂ ਪਰ ਇਤਿਹਾਸ ਜ਼ਰੂਰ ਇਕ ਵਾਰ ਫੇਰ ਦੁਹਰਾਇਆ ਗਿਆ ਤੇ ਸ਼ਾਇਦ ਅਗਾਂਹ ਵੀ ਦੁਹਰਾਇਆ ਜਾਂਦਾ ਰਹੇਗਾ।

*ਸਾਬਕਾ ਪ੍ਰੋ-ਵਾਈਸ ਚਾਂਸਲਰ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ



## ਲਿਖਾਰੀ ਨੂੰ

ਸੁਣ ਤੂੰ ਲਿੱਖਣ ਹਾਰਿਆ! ਐਸਾ ਕੁਝ ਨਾ ਲਿੱਖ,
ਜਿਸ ਨੂੰ ਪੜ੍ਹਨੇ ਤੇ ਜਗਤਿ ਵਧੇ ਪਾਪ ਅਰ ਦੁੱਖ।

ਲਿੱਖਣ ਚਾਉ ਜਿ ਉਮਗਿਆ ਅਪਣੇ ਅੰਦਰ ਵੇਖ;
ਹੈ ਉਥੇ ਸੰਦੇਸ਼ ਜੋ ਮੇਟੇ ਮਨ ਬੀ ਧੁੱਖ?

ਜਿਸਨੂੰ ਪੜ੍ਹਕੇ ਪੜ੍ਹਨਹਾਰ ਪੜ੍ਹਨ ਪਹਿਲਿਓਂ ਹਾਲ
ਨਾਲੋਂ ਉੱਚਾ ਹੋ ਜਾਏ ਸੁਖ ਵਿਚ, ਭਾਵੇਂ ਚੁੱਖ।

ਦ੍ਰਵ ਜਾਵੇ, ਰਹਿ ਅਕਲ ਵਿਚ ਕੁੱਛਕੁ ਸੁਖੀਆ ਹੋਇ
ਸੁਹਣੇ ਸ੍ਵਾਦੀ ਰੰਗ ਵਿਚ, ਪਲਟ ਜਾਸੁ ਕੁਛ ਦੁੱਖ।

ਨੀਵੀਆਂ ਰੁਚੀਆਂ ਜਗਤ ਵਿਚ ਨੀਵੇਂ ਕਰਮ ਸੁਭਾਉ
ਅੱਗੇ ਫੈਲੇ ਹਨ ਬੜੇ, ਕਾਹਿ ਵਧਾਵੇਂ ਲਿੱਖ?

ਇਕ ਦਿਨ ਅੰਮ੍ਰਿਤ ਡੋਹਲਦੀ ਬੋਲ ਪਈ ਮੈਂ ਕਲਮ;
"ਮੈਂ ਜਾਣੂ ਨਹੀਂ ਪਾਪ ਤੋਂ, ਅਸਮਤ ਮੇਰੀ ਰੱਖ।

ਵਰਤਣ ਮੇਰੀ ਉਹ ਕਰੀਂ ਜਿਸ ਵਿਚ ਪਾਪ ਨਾ ਲੇਸ਼,
ਜਗਤ ਜਲੰਦੇ ਦੀ ਮਲ੍ਹਮ ਲਿਖਤ ਬਣੇਂ, ਸੋ ਲਿੱਖ।

ਦਿਲ ਦੁਨੀਆ ਦੇ ਭੁਜ ਰਹੇ, ਹੋ ਰਹੇ ਹੈਨ ਕਬਾਬ,
ਅੰਮ੍ਰਿਤ ਛੱਟੇ ਲੇਖ ਲਿਖ, ਕੁਛ ਦੁਖ ਘਟੇ ਮਨੁੱਖ।

ਨਹੀਂ ਤੇ ਮੈਨੂੰ ਛੱਡਿ ਆ ਮੇਰੇ ਜੰਗਲ ਦੇਸ,
ਜਿੰਦੜੀ ਮੇਰੀ ਮੋੜ ਦੇਹ, ਉਂਗਲਾਂ ਨਾ ਪਈ ਬਿੱਖ।

ਵਿਚ ਸਰਕੰਡਿਆਂ ਸੁਖੀ ਸਾਂ, ਦੁਖਾਂ ਨ ਕਿਸੇ ਦੁਖਾਉਂ,
ਝੋਲੇ ਠੰਢੇ ਵਾਉ ਦੇ ਮਾਣ ਰਹੀਂ ਸਾਂ ਸੁੱਖ।

ਜੇ ਮੈਨੂੰ ਹਈ ਵਰਤਣਾ ਧਾਰ ਅੱਜ ਲੈ ਨੇਮ:
ਸੁਖ ਦੀ ਧਾਰਾ ਵਹਿ ਚਲੇ, ਅਸਮਤ ਵਾਲੇ ਸੁੱਖ।"

**-ਭਾਈ ਵੀਰ ਸਿੰਘ, ਆਵਾਜ਼ ਆਈ**

# ਮਘਦਾ ਸੂਰਜ
# ਡਾਕਟਰ ਹਰਿਭਜਨ ਸਿੰਘ

❖ **ਡਾ. ਦੇਵਿੰਦਰ ਕੌਰ** (ਯੂ.ਕੇ.)



ਮੈਨੂੰ ਡਾਕਟਰ ਹਰਿਭਜਨ ਸਿੰਘ ਦੀ ਵਿਦਿਆਰਥਣ ਹੋਣ ਦਾ ਮਾਣ ਪ੍ਰਾਪਤ ਹੈ। ਮੇਰੇ ਲਈ ਇਹ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਫ਼ਖ਼ਰ ਹੈ। ਡਾਕਟਰ ਸਾਹਿਬ ਦੀ ਨਿਗਰਾਨੀ ਹੇਠ ਕੀਤੀ ਗਈ ਸਾਹਿਤ ਦੀ ਪੜ੍ਹਾਈ ਮੇਰੀ ਜ਼ਿੰਦਗੀ ਦਾ ਹਾਸਿਲ ਬਣ ਗਈ ਹੈ। ਉਸ ਦਾ ਕਾਰਨ ਡਾਕਟਰ ਸਾਹਿਬ ਅੰਦਰ ਗਿਆਨ, ਚੇਤਨਾ, ਸੰਵੇਦਨਾ, ਸਰਲਤਾ ਦੀਆਂ ਉਨ੍ਹਾਂ ਰਿਸ਼ਮਾਂ ਦਾ ਹੋਣਾ ਹੈ ਜਿਨ੍ਹਾਂ ਨੇ ਡਾਕਟਰ ਸਾਹਿਬ ਅੰਦਰ ਚਿੰਤਨ ਦੀ ਸੂਰਜੀ ਲੋਅ ਦੀ ਰੌਸ਼ਨੀ ਨੂੰ ਹਮੇਸ਼ਾ ਮਘਦਾ ਰੱਖਿਆ ਹੈ।

ਡਾਕਟਰ ਸਾਹਿਬ ਦੀ ਸਮੁੱਚੀ ਸ਼ਖ਼ਸੀਅਤ ਨੂੰ ਦੇਖਿਆਂ ਉਨ੍ਹਾਂ ਦੇ ਸੂਰਜੀ ਤੇਜ਼ ਦੀਆਂ ਕਈ ਵੰਨ-ਸੁਵੰਨੀਆਂ ਕਿਰਨਾਂ ਦੇ ਝਲਕਾਰੇ ਪੈਂਦੇ ਹਨ। ਇਨ੍ਹਾਂ ਕਿਰਨਾਂ ਵਿਚੋਂ ਉਨ੍ਹਾਂ ਦਾ ਅਧਿਆਪਕੀ ਰੂਪ, ਸ਼ਾਇਰਾਨਾ ਅੰਦਾਜ਼, ਚਿੰਤਨੀ ਦੀਵੇ ਵਾਲਾ ਮੱਥਾ, ਨਿਵੇਕਲੇ ਹਸਤਾਖ਼ਰ ਸਿਰਜਣ ਵਾਲਾ ਸਮੀਖ਼ਿਅਕ, ਤੇ ਵਿਲੱਖਣ ਅੰਦਾਜ਼ ਵਾਲਾ ਅਨੁਵਾਦਕ ਨਜ਼ਰ ਆਉਂਦਾ ਹੈ। ਇਕ ਵਿਅਕਤੀ ਦੀ ਸ਼ਖ਼ਸੀਅਤ ਦੀਆਂ ਏਨੀਆਂ ਪਰਤਾਂ ਉਸ ਨੂੰ ਬਾਕੀ ਇਨਸਾਨਾਂ ਨਾਲੋਂ ਨਿਖੇੜ ਕੇ ਵੱਖਰੇ ਪਾਏਦਾਨ ਤੇ ਲਿਜਾ ਖਲ੍ਹਾਰਦੀਆਂ ਹਨ।

ਡਾਕਟਰ ਸਾਹਿਬ ਨੇ ਆਪਣੀ ਜ਼ਿੰਦਗੀ ਅਧਿਆਪਕੀ ਕਾਰਜ ਤੋਂ ਆਰੰਭ ਕੀਤੀ। ਪਹਿਲਾਂ ਸਕੂਲ ਵਿਚ ਪੜ੍ਹਾਇਆ। ਵੱਖਰੇ ਅੰਦਾਜ਼ ਦਾ ਅਧਿਆਪਕ ਹੋਣ ਕਾਰਨ ਸਕੂਲ ਅੰਦਰ ਕਈ ਤਰ੍ਹਾਂ ਦੇ ਵਿਰੋਧਾਂ ਦਾ ਸਾਹਮਣਾ ਕਰਨਾ ਪਿਆ। ਡਾਕਟਰ ਸਾਹਿਬ ਦੇ ਅਧਿਆਪਨ ਦਾ ਵਿਲੱਖਣ ਅੰਦਾਜ਼ ਉਨ੍ਹਾਂ ਨੂੰ ਰਾਸ ਨਹੀਂ ਆ ਰਿਹਾ ਸੀ। ਡਾਕਟਰ ਸਾਹਿਬ ਆਪਣੇ ਵਿਦਿਆਰਥੀਆਂ ਨੂੰ ਆਪਣਾ ਗ਼ੁਲਾਮ ਨਹੀਂ ਸਗੋਂ ਜ਼ਿੰਦਗੀ ਦੀ ਰਾਹ 'ਤੇ ਮੱਥੇ ਦੀ ਜੋਤ ਜਗਾ ਕੇ ਤੁਰਨ ਵਾਲੇ ਇਨਸਾਨ ਬਣਾ ਰਹੇ ਸਨ ਜੋ ਪਰੰਪਰਿਕ ਗਾਡੀ ਰਾਹ ਤੇ ਤੁਰਨ ਵਾਲੇ ਅਧਿਆਪਕਾਂ ਲਈ ਵੰਗਾਰ ਬਣ ਰਿਹਾ ਸੀ, ਲੇਕਿਨ ਡਾਕਟਰ ਸਾਹਿਬ ਆਪਣੇ ਰਾਹ ਤੇ ਤੁਰਦੇ ਗਏ ਤੇ ਇਸ ਤਰ੍ਹਾਂ ਸਕੂਲ ਤੋਂ ਕਾਲਜ ਤੇ ਕਾਲਜ ਤੋਂ ਇਕਦਮ ਦਿੱਲੀ ਯੂਨੀਵਰਸਿਟੀ ਦੇ ਭਾਰਤੀ ਭਾਸ਼ਾਵਾਂ ਵਿਭਾਗ ਦੇ ਮੁੱਖੀ ਦੇ ਰੂਪ ਵਿਚ ਨਿਯੁਕਤ ਹੋਏ।

ਦਿੱਲੀ ਯੂਨੀਵਰਸਿਟੀ ਪਹੁੰਚ ਕੇ ਡਾਕਟਰ ਸਾਹਿਬ ਨੇ ਆਪਣੇ ਕਾਰਜ ਨੂੰ ਆਪ ਹੀ ਚੁਣੌਤੀ ਦੇ ਹਵਾਲੇ ਕਰ ਕੇ ਪੰਜਾਬੀ ਸਾਹਿਤ ਨੂੰ ਪੜ੍ਹਣ-ਪੜ੍ਹਾਉਣ ਦੇ ਖੇਤਰ ਵਿਚ ਤੋੜ ਪੈਦਾ ਕਰਕੇ ਮਾਰਕਸਵਾਦੀ ਆਲੋਚਨਾ ਨਾਲ ਸੰਵਾਦ ਰਚਾ ਕੇ ਸਾਹਿਤ ਨੂੰ ਸਾਹਿਤ-ਵਿਗਿਆਨਕ ਦ੍ਰਿਸ਼ਟੀਕੋਣ ਤੋਂ ਪੜ੍ਹਣ ਦਾ ਰਾਹ ਤਿਆਰ ਕੀਤਾ। ਇਸ ਕਾਰਜ ਲਈ ਉਨ੍ਹਾਂ ਨੂੰ ਆਪ ਨਵੀਆਂ ਸਮੀਖਿਆ ਪ੍ਰਣਾਲੀਆਂ ਪੜ੍ਹਣੀਆਂ ਪਈਆਂ। ਡਾਕਟਰ ਸਾਹਿਬ ਭਾਰਤੀ ਕਾਵਿ-ਸ਼ਾਸਤਰ ਦੇ ਗਿਆਤਾ ਤਾਂ ਪਹਿਲਾਂ ਹੀ ਸਨ ਕਿਉਂਕਿ ਉਨ੍ਹਾਂ ਦੀ ਸਾਰੀ ਪੜ੍ਹਾਈ ਹਿੰਦੀ ਅਤੇ ਸੰਸਕ੍ਰਿਤ ਸਾਹਿਤ ਚਿੰਤਨ ਉਪਰ ਸੀ। ਇਸ ਦੇ ਨਾਲ-ਨਾਲ ਡਾਕਟਰ ਸਾਹਿਬ ਨੇ ਪੱਛਮੀ ਕਾਵਿ-ਸ਼ਾਸਤਰ, ਅਮਰੀਕੀ ਨਵ-ਆਲੋਚਨਾ, ਰੂਪਵਾਦ, ਸੰਰਚਨਾਵਾਦ, ਸੰਰਚਨਾਵਾਦੀ ਮਾਰਕਸਵਾਦ, ਚਿਹਨ-ਵਿਗਿਆਨ, ਮਿੱਥ-ਵਿਗਿਆਨ ਆਦਿ ਦਾ ਗਹਿਣ ਅਧਿਐਨ ਕਰ ਕੇ ਉਸ ਚਿੰਤਨ ਨੂੰ ਪੰਜਾਬੀ ਸਮੀਖਿਆ ਦੇ ਖੇਤਰ ਵਿਚ ਇਸ ਤਰ੍ਹਾਂ ਲਿਆਂਦਾ ਕਿ ਉਹ ਪੰਜਾਬੀ ਸਾਹਿਤ ਦੇ ਵਿਗਿਆਨਕ ਅਧਿਐਨ ਦੀ ਆਧਾਰਸ਼ਿਲਾ ਬਣਿਆ। ਇਹ ਪੰਜਾਬੀ ਚਿੰਤਨ ਦੇ ਖੇਤਰ ਵਿਚ ਅਹਿਮ ਪ੍ਰਾਪਤੀ ਸੀ ਜਿਸ ਨੇ ਪੰਜਾਬੀ ਚਿੰਤਨ ਨੂੰ ਵਿਗਿਆਨਕ ਲੀਹਾਂ 'ਤੇ ਤੋਰ ਕੇ ਉਸ ਨੂੰ ਵਿਸ਼ਵ ਚਿੰਤਨ ਦੇ ਬਰਾਬਰ ਖੜ੍ਹਾ ਕੀਤਾ। ਉਨ੍ਹਾਂ ਆਪ ਵਿਦਿਆਰਥੀ ਬਣ ਕੇ ਆਪਣੇ ਅਧਿਆਪਕੀ ਕਾਰਜ ਨੂੰ ਨਿਭਾਇਆ ਤੇ ਇਸ ਤਰ੍ਹਾਂ ਵਿਦਿਆਰਥੀਆਂ ਦੇ ਅੰਦਰ ਸਾਹਿਤ ਪੜ੍ਹਣ ਲਈ ਨਵੀਂ ਕਿਸਮ ਦੀ ਜਿਗਿਆਸਾ ਪੈਦਾ ਕੀਤੀ।

ਇਕ ਵਿਲੱਖਣ ਕਿਸਮ ਦਾ ਅਧਿਆਪਕ ਹੋਣ ਦੇ ਨਾਲ-ਨਾਲ ਡਾਕਟਰ ਸਾਹਿਬ ਵਿਲੱਖਣ ਕਿਸਮ ਦੇ ਸ਼ਾਇਰ ਵੀ ਸਨ। ਜਿੱਥੇ ਉਨ੍ਹਾਂ ਪੰਜਾਬੀ ਸਮੀਖਿਆ ਦੇ ਖੇਤਰ ਵਿਚ ਨਵੀਂ ਕਿਸਮ ਦੀ ਆਲੋਚਨਾ ਦਾ ਆਰੰਭ ਕਰਕੇ 'ਦਿੱਲੀ ਸਕੂਲ ਆਫ਼ ਕ੍ਰਿਟੀਸਿਜ਼ਮ' ਦੀ ਸਥਾਪਨਾ ਕੀਤੀ ਓਥੇ ਕਵਿਤਾ ਦੇ ਖੇਤਰ ਵਿਚ ਨਵੀਂ ਕਿਸਮ ਦੀ ਸੁਹਜਾਤਮਕ ਕਵਿਤਾ ਸਿਰਜ ਕੇ ਪੰਜਾਬੀ ਕਵਿਤਾ ਦੇ ਮੁਹਾਂਦਰੇ ਅੰਦਰ ਵੀ ਤੋੜ ਪੈਦਾ ਕੀਤਾ। ਉਨ੍ਹਾਂ ਨੇ ਬਹੁਤ ਖ਼ੂਬਸੂਰਤ ਗੀਤਾਂ ਦੀ ਸਿਰਜਣਾ ਦੇ ਨਾਲ-ਨਾਲ ਆਪੇ ਨਾਲ ਸੰਵਾਦ ਸਿਰਜਣ ਵਾਲੀ ਕਵਿਤਾ ਦੀ ਸਿਰਜਣਾ ਵੀ ਕੀਤੀ। ਇਸ ਤਰ੍ਹਾਂ ਉਨ੍ਹਾਂ ਪੰਜਾਬੀ ਕਵਿਤਾ ਦੇ ਖੇਤਰ ਵਿਚ ਸਿਰਜੀ ਜਾ ਰਹੀ ਨਾਅਰੇਬਾਜ਼ੀ ਵਾਲੀ ਕਵਿਤਾ ਤੋਂ ਵੱਖਰੀ ਸੁਹਜਾਤਮਕ ਅਤੇ ਸੰਜੀਦਾ ਕਿਸਮ ਦੀ ਸ਼ਾਇਰੀ ਸਿਰਜ ਕੇ ਪੰਜਾਬੀ ਕਵਿਤਾ ਦੇ ਮੁਹਾਂਦਰੇ ਨੂੰ ਵੀ ਬਦਲ ਕੇ ਰੱਖ ਦਿੱਤਾ। ਆਪਣੇ ਸਿੱਖੀ ਇਤਿਹਾਸ ਦੇ ਪਾਤਰਾਂ ਜਿਵੇਂ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਨਾਲ ਸੰਵਾਦ ਰਚਾ ਕੇ ਐਸੇ ਮਨੁੱਖ ਦੀ ਸਿਰਜਣਾ ਕੀਤੀ ਜਿਸ ਕੋਲ ਸਿਰ ਹੋਵੇ ਅਰਥਾਤ ਸੋਚ ਸਕਣ ਦੀ ਸ਼ਕਤੀ ਹੋਵੇ। ਡਾਕਟਰ ਸਾਹਿਬ ਦੀ ਕਵਿਤਾ ਵਿਚ ਮਨੁੱਖ ਦੇ ਜਾਗਣ ਅਰਥਾਤ ਚੇਤਨਾ ਪੈਦਾ ਕਰਨ ਅਤੇ ਜ਼ਿੰਦਗੀ ਨੂੰ ਸੁਲਗਾਈ ਰੱਖਣ ਵਾਲੇ ਚਿਹਨ ਥਾਂ-ਪੁਰ-ਥਾਂ ਖਿੱਲਰੇ ਪਏ ਹਨ। ਇਸ ਗੱਲ ਨੂੰ ਸਾਬਤ ਕਰਨ ਲਈ ਉਨ੍ਹਾਂ ਦੇ ਗੀਤ ਦੀ ਇਕ ਮਿਸਾਲ ਹੀ ਕਾਫ਼ੀ ਹੈ:-

**ਅਜ ਅਧਰੈਣੀ ਜਦ ਕੋਈ ਪੰਛੀ**
**ਗੀਤ ਸੁਲਗਦਾ ਗਾਏਗਾ**
**ਕੌਣ ਸੁਣੇਗਾ ਜੇ ਸੌਂ ਗਈਆਂ**
**ਅੱਖੀਆਂ ਕੁੱਲ ਜ਼ਮੀਂਦੜੀਆਂ।**

**(ਅਧਰੈਣੀ, ਗੀਤ 33** ਵਿੱਚੋਂ)

ਏਥੋਂ ਪਤਾ ਲੱਗਦਾ ਹੈ ਕਿ ਡਾਕਟਰ ਸਾਹਿਬ ਕੋਲ ਵਸਤਾਂ ਵਰਤਾਰਿਆਂ ਨੂੰ ਵੇਖਣ ਲਈ ਵਿਲੱਖਣ ਸੁਹਜ-ਦ੍ਰਿਸ਼ਟੀ ਸੀ। ਅੰਬਰ, ਸੂਰਜ, ਸਰੋਵਰ, ਦੀਵੇ ਵਾਲਾ ਮੱਥਾ ਉਨ੍ਹਾਂ ਦੀ ਕਵਿਤਾ ਦੇ ਮੂਲ ਚਿਹਨ ਹਨ ਜਿਸ ਤੋਂ ਉਨ੍ਹਾਂ ਦੀ ਸੁਹਜ-ਚੇਤਨਾ ਦੇ ਦੀਦਾਰ ਹੁੰਦੇ ਹਨ। ਮੈਨੂੰ ਡਾਕਟਰ ਸਾਹਿਬ ਦੀ ਸਵੈ-ਜੀਵਨੀ ਵਿੱਚੋਂ ਕੁਝ ਅੰਸ਼ ਪੜ੍ਹਣ ਦਾ ਮੌਕਾ ਮਿਲਿਆ ਜਿਸ ਵਿੱਚੋਂ ਅਹਿਮ ਗੱਲ ਦਾ ਪਤਾ ਲੱਗਿਆ। ਡਾਕਟਰ ਸਾਹਿਬ ਸ਼ਾਇਰੀ ਅਤੇ ਅਧਿਆਪਕੀ ਕਾਰਜ ਵਿਚੋਂ ਅਧਿਆਪਕੀ ਕਾਰਜ ਨੂੰ ਵਧੇਰੇ ਤਰਜੀਹ ਦੇਂਦੇ ਸਨ। ਉਨ੍ਹਾਂ ਅਨੁਸਾਰ ਸ਼ਾਇਰੀ ਕਰਨਾ ਸੁਹਜ ਕਾਰਜ ਹੈ ਲੇਕਿਨ ਅਧਿਆਪਕੀ ਕਾਰਜ ਪਵਿੱਤਰ ਕਾਰਜ ਹੈ। ਸ਼ਾਇਦ ਏਸੇ ਲਈ ਉਨ੍ਹਾਂ ਦੀ ਇੱਛਾ ਸੀ ਕਿ ਉਨ੍ਹਾਂ ਦੀ ਜ਼ਿੰਦਗੀ ਦਾ ਅਖ਼ੀਰੀ ਪਲ ਵੀ ਵਿਦਿਆਰਥੀਆਂ ਨੂੰ ਪੜ੍ਹਾਉਂਦਿਆਂ ਬੀਤੇ। ਇਸ ਤਰ੍ਹਾਂ ਦੇ ਅਧਿਆਪਕ, ਇਸ ਤਰ੍ਹਾਂ ਦੇ ਸ਼ਾਇਰ ਕਦੇ-ਕਦੇ ਹੀ ਪੈਦਾ ਹੁੰਦੇ ਹਨ।

ਡਾਕਟਰ ਸਾਹਿਬ ਦਾ ਚਿੰਤਕ ਅਤੇ ਅਨੁਵਾਦਕ ਵਾਲਾ ਰੂਪ ਵੀ ਵੱਖਰੇ ਅੰਦਾਜ਼ ਵਾਲਾ ਹੈ। ਉਨ੍ਹਾਂ ਦੇ ਚਿੰਤਨ ਵਿਚ ਨਵੀਨਤਾ ਹੈ, ਮੌਲਿਕਤਾ ਹੈ। ਉਨ੍ਹਾਂ ਦੇ ਅਨੁਵਾਦ ਕਾਰਜ ਵਿਚ ਉਨ੍ਹਾਂ ਦੀ ਸਿਰਜਣਾਤਮਕ ਸ਼ਕਤੀ ਦੇ ਹੀ ਦੀਦਾਰ ਹੁੰਦੇ ਹਨ। ਆਪਣੇ ਚਿੰਤਨ-ਕਾਰਜ ਵਿਚ ਉਨ੍ਹਾਂ ਕਈ ਨਵੇਂ ਸ਼ਬਦਾਂ ਦੀ ਘਾੜਤ ਕੀਤੀ। ਅੰਗਰੇਜ਼ੀ ਦੇ ਸਾਹਿਤਿਕ ਸੰਕੇਤਾਂ ਨੂੰ ਪੰਜਾਬੀ ਵਿਚ ਅਨੁਵਾਦਿਤ ਕਰਕੇ ਪੰਜਾਬੀ ਦੇ ਘੇਰੇ ਨੂੰ ਵਿਸਥਾਰ ਦਿੱਤਾ। ਮਿਸਾਲ ਵਜੋਂ 'ਪੌਜ਼ੀਟਿਵ' ਨੂੰ 'ਹਾਂ-ਮੁਖ', 'ਨੈਗੇਟਿਵ' ਨੂੰ 'ਨਾਂਹ-ਮੁੱਖ', 'ਸਿਮੀਲੈਰੀਟੀਜ਼' ਨੂੰ 'ਵਰਗੇਵੇਂ', 'ਡਿਸਸਿਮੀਲੈਰੀਟੀਜ਼' ਨੂੰ 'ਵਖਰੇਵੇਂ', 'ਮੈਟਾਫ਼ਰ' ਨੂੰ 'ਰੂਪਕ', 'ਮੇਟੋਨੋਮੀ' ਨੂੰ 'ਸੰਗਲੀ', 'ਸਾਈਨ' ਨੂੰ 'ਚਿਹਨ', 'ਸਿਗਨੀਫਾਇਰ' ਨੂੰ 'ਚਿਹਨਕ', 'ਸਿਗਨੀਫਾਈਡ' ਨੂੰ 'ਚਿਹਨਿਤ', 'ਸਿਗਨੀਫੀਕੇਸ਼ਨ' ਨੂੰ 'ਚਿਹਨਕਾਰੀ' ਆਦਿ। ਇਸ ਤੋਂ ਪਤਾ ਲੱਗਦਾ ਹੈ ਕਿ ਡਾਕਟਰ ਸਾਹਿਬ ਨੇ ਪੰਜਾਬੀ ਵਿਚ ਤਕਨੀਕੀ ਸ਼ਬਦ ਘੜ ਕੇ ਪੰਜਾਬੀ ਚਿੰਤਨ ਦੇ ਘੇਰੇ ਨੂੰ ਵਿਸਤਾਰ ਦਿੱਤਾ।

ਜੇਕਰ ਡਾਕਟਰ ਸਾਹਿਬ ਦੇ ਸਿਰਜਣ ਖੇਤਰ ਵੱਲ ਝਾਤੀ ਮਾਰੀਏ ਤਾਂ ਪਤਾ ਲਗਦਾ ਹੈ ਕਿ ਉਨ੍ਹਾਂ ਸਾਹਿਤ ਦੇ ਹਰ ਰੂਪ ਜਿਵੇਂ ਕਵਿਤਾ, ਗੀਤ, ਲੰਮੀ ਕਵਿਤਾ, ਵਾਰਤਕ, ਸਮੀਖਿਆ, ਸਫ਼ਰਨਾਮਾ, ਸਵੈ-ਜੀਵਨੀ, ਅਨੁਵਾਦ ਆਦਿ ਤੇ ਕੰਮ ਕੀਤਾ ਹੈ। ਲੇਕਿਨ ਇਹ ਸਾਰੇ ਰੂਪ ਉਨ੍ਹਾਂ ਦੇ ਅਧਿਆਪਕੀ ਰੂਪ ਵਿਚ ਸਮਾ ਜਾਂਦੇ ਹਨ, ਕਿਉਂਕਿ ਆਪਣੇ ਅਧਿਆਪਨ ਕਾਰਜ ਵਿਚ ਉਨ੍ਹਾਂ ਉਪਰ ਅੰਕਿਤ ਸਾਰੇ ਸਾਹਿਤ ਰੂਪਾਂ ਨੂੰ ਸ਼ਾਮਿਲ ਕੀਤਾ ਹੈ। ਇਸੇ ਲਈ ਉਨ੍ਹਾਂ ਦੇ ਅਧਿਆਪਨ ਵਿਚ ਸਾਨੂੰ ਵਿਲੱਖਣ ਕਿਸਮ ਦੀ ਅਮੀਰੀ ਮਿਲਦੀ ਹੈ। ਇਸੇ ਕਰਕੇ ਹੀ ਉਨ੍ਹਾਂ ਦੀ ਸ਼ਖ਼ਸੀਅਤ ਦਾ ਸੂਰਜ ਹਮੇਸ਼ਾ ਮਘਦਾ ਰਿਹਾ ਹੈ। ਆਪਣੇ ਜੀਵਨ ਦੇ ਅੰਤਿਮ ਕਾਲ ਤੱਕ ਉਨ੍ਹਾਂ ਲਿਖਣ-ਕਾਰਜ ਜਾਰੀ ਰੱਖਿਆ।

ਡਾਕਟਰ ਸਾਹਿਬ ਨੇ ਜ਼ਿੰਦਗੀ ਵਿਚ ਜੋ ਕਾਰਜ ਕੀਤਾ ਉਸ ਲਈ ਉਨ੍ਹਾਂ ਨੂੰ ਕਈ ਮਾਣ-ਸਨਮਾਨ ਮਿਲੇ। ਉਨ੍ਹਾਂ ਦੀ ਜ਼ਿੰਦਗੀ ਵਿਚ ਉਨ੍ਹਾਂ ਨੂੰ ਸਭ ਤੋਂ ਵੱਡਾ 'ਸਰਸਵਤੀ ਸਨਮਾਨ' ਮਿਲਿਆ। ਹਾਲਾਂਕਿ 'ਕਬੀਰ ਸਨਮਾਨ' ਨਾਲ ਵੀ ਉਨ੍ਹਾਂ ਨੂੰ ਨਿਵਾਜਿਆ ਗਿਆ, ਲੇਕਿਨ ਮੈਂ ਸਮਝਦੀ ਹਾਂ ਉਨ੍ਹਾਂ ਦੀ ਸ਼ਖ਼ਸੀਅਤ ਨਾਲ ਮੇਲ ਖਾਂਦਾ ਉਨ੍ਹਾਂ ਲਈ ਸਭ ਤੋਂ ਵੱਡਾ ਸਨਮਾਨ ਸਰਸਵਤੀ ਸਨਮਾਨ ਸੀ ਕਿਉਂਕਿ ਸਰਸਵਤੀ ਹਮੇਸ਼ਾ ਉਨ੍ਹਾਂ ਦੇ ਸਿਰ ਚੜ੍ਹ ਕੇ ਬੋਲਦੀ ਰਹੀ। ਉਨ੍ਹਾਂ ਦੀ ਜ਼ਿੰਦਗੀ ਦੇ ਭਿੰਨ-ਭਿੰਨ ਰੂਪਾਂ ਵਿਚ ਸਰਸਵਤੀ ਦਾ ਵਾਸ ਸੀ। ਆਖ਼ਰੀ ਦਮ ਤੱਕ ਸਰਸਵਤੀ ਨੇ ਉਨ੍ਹਾਂ ਦਾ ਸਾਥ ਨਿਭਾਇਆ। ਇਸ ਤਰ੍ਹਾਂ ਦੀ ਸ਼ਖ਼ਸੀਅਤ ਦਾ ਵਿਦਿਆਰਥੀ ਹੋਣ ਵਿਚ ਕਿਹੜਾ ਵਿਦਿਆਰਥੀ ਗੌਰਵ ਮਹਿਸੂਸ ਨਹੀਂ ਕਰੇਗਾ?

✧ ✧ ✧ ✧ ✧



# ਮਰਦਾਨਾ ਬੋਲਦਾ ਹੈ

ਕਦੀ ਬਚਪਨ 'ਚ, ਆਪਣੇ ਘਰ
ਮੈਂ ਇਕ ਤਸਵੀਰ ਵੇਖੀ ਸੀ
ਗੁਰੂ ਨਾਨਕ ਦੇ ਲਾਗੇ ਯਾਰ ਮਰਦਾਨਾ ਰਬਾਬੀ ਸੀ
ਮੈਨੂੰ ਤਸਵੀਰ 'ਚ ਦੁਨੀਆ ਦਾ ਸਾਰਾ ਅਰਥ ਦਿਸਦਾ ਸੀ
ਇਹ ਦੁਨੀਆ ਸੀ-
ਮੇਰੇ ਬਚਪਨ ਜਿਹੀ ਸਾਦਾ
ਕਿਸੇ ਮਿੱਤਰ ਜਿਹੀ ਨਿਰਛਲ
ਅਚਨਚੇਤੇ ਕਿਸੇ ਨਿਰਮੋਹ ਨੇ
ਮਰਦਾਨੇ ਨੂੰ ਤਸਵੀਰੋਂ ਅਲਗ ਕੀਤਾ
ਯਾ ਕਿ ਮਰਦਾਨਾ ਹੀ ਆਪੇ ਦੌੜ ਕੇ
ਤਸਵੀਰ ਵਿੱਚੋਂ ਨਿਕਲ ਤੁਰਿਆ
ਹੁਣ ਜਦੋਂ ਤਸਵੀਰ ਨੂੰ ਤੱਕਦਾ ਹਾਂ
ਜ਼ਿੰਦਗੀ ਦਾ ਨਿੱਘ ਤਨ 'ਚੋਂ ਖਿਸਕ ਜਾਂਦਾ ਹੈ
ਸੁਲਗਦੀ ਦੇਹੀ 'ਚੋਂ ਚਾਨਣ ਜਲਾਵਤਨ ਹੁੰਦੈ
ਦੋਸਤੀ ਵਕਤੀ ਜ਼ਰੂਰਤ ਤੋਂ ਸਿਵਾ ਕੁਝ ਵੀ ਨਹੀਂ, ਸ਼ਾਇਦ
ਸ਼ਾਇਰੀ ਸੰਗੀਤ ਦਾ ਰਿਸ਼ਤਾ ਵੀ ਮਨ ਦਾ ਵਹਿਮ ਹੈ
ਜਿਸਨੂੰ ਚਾਨਣ ਸਮਝ ਆਪਣਾ ਕਿਹਾ
ਨਿਕਲੀ ਉਹੋ ਛਾਇਆ
ਮੇਰਾ ਨਾਨਕ ਇਕੱਲਾ ਰਹਿ ਗਿਆ ਹੈ
ਬਹੁਤ ਦਿਨ ਬੀਤ ਗਏ
ਸੰਗਤ 'ਚ ਮਰਦਾਨਾ ਨਹੀਂ ਆਇਆ

-ਹਰਿਭਜਨ ਸਿੰਘ, ਮੇਰੀ ਕਾਵਿ-ਯਾਤਰਾ

# ਮੇਰੇ ਡੈਡੀ-ਕੁਛ ਯਾਦਾਂ

❖ ਡਾ. ਰਸ਼ਮੀ ਸਿੰਘ*

ਆਪਣੇ ਪਿਤਾ ਬਾਰੇ ਲਿਖਣਾ ਬਹੁਤ ਕਠਨ ਹੁੰਦਾ ਹੈ, ਮੇਰੇ ਮੰਮੀ ਨੇ ਬਹੁਤ ਵਾਰੀ ਕਿਹਾ, "ਰਸ਼ਮੀ ਡੈਡੀ ਤੈਨੂੰ ਬਹੁਤ ਪਿਆਰ ਕਰਦੇ ਸਨ, ਤੂੰ ਕੁਛ ਲਿਖ।" ਓਦੋ ਮੈਂ ਹਿੰਮਤ ਨਾ ਕੀਤੀ। ਮੰਮੀ ਵੀ ਚਲੇ ਗਏ, ਮੰਮੀ ਦੀ ਇੱਛਾ ਪੂਰੀ ਕਰਨਾ ਮੇਰਾ ਫਰਜ਼ ਹੈ, ਏਸੇ ਲਈ ਕੁਛ ਲਿਖਣ ਦਾ ਯਤਨ ਕਰ ਰਹੀ ਹਾਂ। ਮੇਰਾ ਸਾਰਾ ਜੀਵਨ ਹੀ ਮੇਰੇ ਡੈਡੀ ਦੀਆਂ ਯਾਦਾਂ ਨਾਲ ਭਰਿਆ ਹੈ, ਕਿੱਥੋਂ ਸ਼ੁਰੂ ਕਰਾਂ? ਜਨਮ ਤੋਂ ਸ਼ੁਰੂ ਕਰਦੀ ਹਾਂ, ਡੈਡੀ ਨੂੰ ਇਕ ਬੇਟੀ ਚਾਹੀਦੀ ਸੀ, ਤਿੰਨ ਭਰਾਵਾਂ ਬਾਅਦ ਮੇਰਾ ਜਨਮ ਹੋਇਆ, ਡੈਡੀ ਵਾਂਗ ਮੈਂ ਵੀ ਤਿੱਖਲ ਸੀ। ਡੈਡੀ ਦੀ ਆਸ ਪੂਰੀ ਹੋਈ, ਉਨ੍ਹਾ ਲੱਡੂ ਵੰਡੇ। ਉਨ੍ਹਾਂ ਨੇ ਆਪਣੀ ਮਾਂ, ਭੈਣਾਂ ਤੇ ਵੱਡੀ ਬੇਟੀ ਰੇਖਾ ਦੇ ਵਿਛੋੜੇ ਨੂੰ ਸਦਾ ਨਮ ਅੱਖਾਂ ਨਾਲ ਯਾਦ ਕੀਤਾ ਹੈ, ਮੈਂ ਉਨ੍ਹਾਂ ਦਾ ਰੂਪ ਲੈ ਆਈ ਸਾਂ ਸ਼ਾਇਦ ਡੈਡੀ ਲਈ। ਮੇਰੇ ਭਰਾਵਾਂ ਨੂੰ ਸਦਾ ਲੱਗਦਾ ਹੈ ਕਿ ਡੈਡੀ ਨੇ ਮੈਨੂੰ ਸਭ ਤੋਂ ਵੱਧ ਪਿਆਰ ਕੀਤਾ ਹੈ, ਪਰ ਉਹ ਇਹ ਵੀ ਮੰਨਦੇ ਹਨ ਕਿ ਡੈਡੀ ਨੇ ਉਨ੍ਹਾਂ ਨਾਲ ਵੀ ਬਹੁਤ ਪਿਆਰ ਕੀਤਾ ਹੈ। ਅਸੀਂ ਬੱਚੇ ਮੰਮੀ-ਡੈਡੀ ਨੂੰ ਬਹੁਤ ਸ਼ਿੱਦਤ ਨਾਲ ਯਾਦ ਕਰਦੇ ਹਾਂ, ਜਦੋਂ ਵੀ ਇਕੱਠੇ ਹੁੰਦੇ ਹਾਂ ਤੇ ਮੰਮੀ-ਡੈਡੀ ਦੀਆਂ ਗੱਲਾਂ ਹੁੰਦੀਆਂ ਨੇ।

ਆਪਣੇ ਮਾਂ-ਪਿਤਾ ਨੂੰ ਮੈਂ ਹੀ ਮੰਮੀ-ਡੈਡੀ ਬੁਲਾਉਂਦੀ ਹਾਂ, ਮੇਰੇ ਭਰਾ ਬੀਜੀ-ਭਾਪਾ ਜੀ ਬੁਲਾਂਦੇ ਹਨ।

ਡੈਡੀ ਨੇ ਮੈਨੂੰ *Worlds Best Fiarytales* (ਦੋ ਵੋਲੀਅੱਮ) ਲੈ ਦਿੱਤੀ, ਮੈਂ ਇਨ੍ਹਾਂ ਕਿਤਾਬਾਂ ਨੂੰ ਬਹੁਤ ਪਸੰਦ ਕੀਤਾ। ਸੌਣ ਵੇਲੇ ਅਕਸਰ ਐ ਕਹਾਣੀਆਂ ਪੜ੍ਹਦੀ। ਸਾਰੀਆਂ ਕਹਾਣੀਆਂ ਦਾ ਸੰਦੇਸ਼ ਬਹੁਤ ਚੰਗਾ ਲੱਗਦਾ ਸੀ, ਮੁੱਖ ਨਾਇਕ ਸਭ ਤੇ ਦਇਆ, ਪਿਆਰ ਤੇ ਸ਼ੁੱਭ ਕਰਮਾਂ ਨਾਲ ਜਿੱਤ ਹਾਸਲ ਕਰਦਾ, ਦੈਂਤ ਤੇ ਦੁਸ਼ਮਣ ਦੀ ਵੀ ਮਦਦ ਕਰਦਾ ਤੇ ਉਨ੍ਹਾਂ ਨੂੰ ਵੀ ਜਿੱਤ ਲੈਂਦਾ ਸੀ।

ਸ਼ਾਮਾਂ ਵੇਲੇ ਡੈਡੀ ਕਈ ਵਾਰ ਲਾਗੇ ਦੇ ਪਾਰਕ (ਕਰੋਲ਼ ਬਾਗ਼ ਕਬਰਿਸਤਾਨ ਪਾਰਕ) ਸੈਰ ਲਈ ਲੈ ਜਾਂਦੇ, ਉਹ ਮੈਨੂੰ ਝੂਲੇ ਝੁਲਾਉਂਦੇ, ਮੈਂ ਸਲਾਈਡ ਲੈਂਦੀ ਤੇ ਪੀਂਘ ਝੂਲਦੀ। ਮੈਂ ਉੱਚੀ-ਉੱਚੀ ਪੀਂਘ ਝੂਟਣੀ, ਉਹ ਬਹੁਤ ਖ਼ੁਸ਼ ਹੁੰਦੇ। ਉਨ੍ਹਾਂ ਦਾ ਕਹਿਣਾ ਸੀ ਕਿ ਉੱਚੀ ਪੀਂਘ ਝੂਟਣ ਨਾਲ ਡਰ ਖ਼ਤਮ ਹੁੰਦਾ ਹੈ ਤੇ ਕੁੜੀਆਂ ਨੂੰ ਜ਼ਰੂਰ ਉੱਚੀ-ਉੱਚੀ ਪੀਂਘ ਝੂਟਣੀ ਚਾਹੀਦੀ ਹੈ। ਕੁੜੀਆਂ ਨੂੰ ਮੁੰਡਿਆਂ ਦੇ ਬਰਾਬਰ ਹੋਣਾ ਚਾਹੀਦਾ ਹੈ। ਉਹ ਆਪਣੀਆਂ ਵਿਦਿਆਰਥਣਾਂ ਨੂੰ ਵੀ ਬਹੁਤ ਉਤਸ਼ਾਹ ਦੇਂਦੇ ਤੇ ਬੇਟੀਆਂ ਵਾਂਗ ਪਿਆਰ ਕਰਦੇ ਸਨ।

ਗਰਮੀ ਦੀਆਂ ਛੁੱਟੀਆਂ ਵਿੱਚ ਅਸੀਂ ਅੰਮ੍ਰਿਤਸਰ ਨਾਨਕੇ ਘਰ ਜਾਂਦੇ ਸੀ। ਗਲੀ ਬਾਗ਼ ਵਾਲੀ, ਦਰਬਾਰ ਸਾਹਿਬ ਦੇ ਨਾਲ ਹੀ ਨਾਨੀ ਦਾ ਘਰ ਸੀ, ਨਾਨੀ ਜੀ ਤੇ ਨਾਨਾ ਜੀ ਦੀਆਂ ਦੁਕਾਨਾਂ ਦਰਬਾਰ ਸਾਹਿਬ ਦੇ ਬਾਹਰ ਸਨ, ਅਸੀਂ ਬੱਚੇ ਦਰਬਾਰ ਸਾਹਿਬ ਦੀ ਪਰਿਕਰਮਾ 'ਚੋਂ ਦੌੜ ਕੇ ਇਕ ਦੁਕਾਨ ਤੋਂ ਦੂਸਰੀ ਦੁਕਾਨ ਤੇ ਆਉਂਦੇ-ਜਾਂਦੇ ਰਹਿੰਦੇ। ਅਕਸਰ ਡੈਡੀ ਦੁਪਹਿਰ ਵੇਲੇ ਦਰਬਾਰ ਸਾਹਿਬ ਜਾ ਕੇ ਕੀਰਤਨ ਸੁਣਿਆ ਕਰਦੇ ਸਨ, ਦਰਬਾਰ ਸਾਹਿਬ ਇਸ਼ਨਾਨ ਉਹ ਬਾਬਾ ਬੁੱਢਾ ਜੀ ਦੀ ਬੇਰੀ ਤੇ ਹੀ ਕਰਦੇ ਸਨ। ਡੈਡੀ ਬਹੁਤ ਵਾਰ ਸਾਨੂੰ ਬਾਬਾ ਬੁੱਢਾ ਜੀ ਦੀ ਬੀੜ (ਝਬਾਲ) ਵੀ ਲੈ ਜਾਂਦੇ ਸਨ, ਬੜਾ ਛੋਟਾ ਜੇਹਾ ਗੁਰਦੁਆਰਾ ਸੀ ਏਥੇ ਤੇ ਇਕ ਛੋਟਾ ਲੰਗਰ ਘਰ ਸੀ। ਇਥੇ ਮੱਥਾ ਟੇਕਣਾ ਤੇ ਲੰਗਰ ਛਕਣਾ ਤੇ ਕੌਲੇਆਂ 'ਚ ਲੱਸੀ ਪੀਣੀ। ਗੁਰਦੁਆਰੇ ਤੋਂ ਮੇਨ ਰੋਡ ਤੱਕ ਪੈਦਲ ਜਾਣਾ ਹੁੰਦਾ ਸੀ। ਵੱਡੀ ਚੌੜੀ ਰੋਡ ਤੇ ਡੈਡੀ ਨੇ ਗਾਣਾ ਗਾਉਂਦੇ ਜਾਣਾ, 'ਬਾਬਾ ਜੀ ਇਕ ਸਾਈਕਲ ਭੇਜੋ ਜੀ, ਜਦ ਕੋਈ ਸਾਈਕਲ ਵਾਲਾ ਆਉਂਦਾ ਤੇ ਬੱਚੇ ਸਾਈਕਲ ਤੇ ਬੈਠ ਸੜਕ ਤੱਕ ਪਹੁੰਚ ਜਾਂਦੇ।



ਪਰਿਵਾਰ ਦੇ ਨਾਲ ਕੁਝ ਪਲ

ਕਈ ਵਾਰ ਡੈਡੀ 26 ਜਨਵਰੀ ਤੇ ਆਯੋਜਿਤ ਕਵੀ ਦਰਬਾਰ ਦਾ ਸੰਚਾਲਨ ਕਰਦੇ ਸਨ, ਅਸੀਂ ਵੀ ਚਲੇ ਜਾਂਦੇ ਸਾਂ, ਡੈਡੀ ਜਦ ਕਵਿਤਾ ਸੁਣਾਉਂਦੇ ਤੇ ਲੋਕ ਬਹੁਤ ਪਸੰਦ ਕਰਦੇ ਤੇ ਬਹੁਤ ਤਾੜੀਆਂ ਮਾਰਦੇ, ਮੈਨੂੰ ਬੜਾ ਮਾਣ ਹੁੰਦਾ ਸੀ ਆਪਣੇ ਡੈਡੀ ਤੇ। ਇਕ ਵਾਰ ਸ਼ਿਵ ਕੁਮਾਰ ਬਟਾਲਵੀ ਵੀ ਆਏ ਕਵੀ ਦਰਬਾਰ ਵਿੱਚ, ਕਵੀ ਦਰਬਾਰ ਸਮਾਪਤੀ ਤੇ ਸਭ ਬਾਹਰ ਆਏ, ਮੈਂ ਮੰਮੀ ਨਾਲ ਖੜੀ ਸਾਂ, ਸ਼ਿਵ ਕੁਮਾਰ ਨੇ ਮੰਮੀ ਨੂੰ ਕਹਿਆ, "ਭਾਬੀ ਜੀ ਤੁਸੀਂ ਏਥੇ ਕਿਉਂ ਆਏ ਹੋ ਮੈਂ ਤੁਹਾਨੂੰ ਘਰ ਆ ਕੇ ਕਵਿਤਾ ਸੁਣਾਉਂਦਾ।" ਕਈ ਵਾਰ ਸ਼ਿਵ ਕੁਮਾਰ ਬਟਾਲਵੀ ਘਰ ਵੀ ਆਏ ਤੇ ਅਸੀਂ ਉਨ੍ਹਾਂ ਦੀਆਂ ਕਵਿਤਾਵਾਂ ਰਿਕਾਰਡ ਵੀ ਕੀਤੀਆਂ।

ਡੈਡੀ ਨੇ ਮੇਰੀ ਸ਼ਾਦੀ ਲਈ ਵਰ ਟੋਲ੍ਹਣਾ ਸ਼ੁਰੂ ਕੀਤਾ, ਡੈਡੀ ਨੇ ਕਮਲਜੀਤ ਸਿੰਘ ਸਪੁੱਤਰ ਸ. ਸੰਗਤ ਸਿੰਘ ਨੂੰ (ਦੇਹਰਾਦੂਨ, ਡੋਈਵਾਲਾ ਤੇ ਪੁਸ਼ਤੈਨੀ ਖਡੇਆਲਾ ਤੋਂ) ਪਸੰਦ ਕੀਤਾ। ਮੰਮੀ ਨੂੰ ਦਿੱਕਤ ਹੋ ਰਹੀ ਸੀ ਏਥੇ ਸ਼ਾਦੀ ਪੱਕੀ ਕਰਣ ਲਈ। ਡੈਡੀ, ਮੰਮੀ

ਨੂੰ ਗੁਰਦਵਾਰੇ ਲੈ ਗਏ ਤੇ ਹੁਕਮਨਾਮਾ ਲੈਣ ਨੂੰ ਕਹਿਆ, ਹੁਕਮ, ਗੁਰੂ ਵੱਲੋਂ ਹਾਂ ਦਾ ਆਇਆ। ਡੈਡੀ ਨੇ ਫੇਰ ਕਹਿਆ, ਹੁਣ ਦਸ ਭਾਗਵਾਨੇ, ਗੁਰੂ ਦੀ ਗੱਲ ਮੰਨਦੀ ਹੈਂ ਕੇ ਨਹੀਂ? ਮੰਮੀ ਨੇ ਫੇਰ ਹਾਂ ਕਿਹਾ ਏਸ ਰਿਸ਼ਤੇ ਲਈ। ਮੇਰੀ ਡੋਲੀ ਗਈ ਤੇ ਡੈਡੀ ਅੰਦਰ ਕਮਰੇ 'ਚ ਜਾ ਕੇ ਭੁੱਬਾਂ ਮਾਰ ਕੇ ਬਹੁਤ ਰੋਏ। ਇਹ ਮੈਨੂੰ ਮੇਰੀ ਮੰਮੀ ਤੇ ਭਰਾਵਾਂ ਨੇ ਦੱਸਿਆ। ਮੇਰੀ ਸ਼ਾਦੀ ਤੋਂ ਬਾਅਦ ਵੀ ਕਈ ਵਾਰ ਡੈਡੀ ਮੈਨੂੰ ਵਾਜਾਂ ਮਾਰਦੇ (ਰਸ਼ੂ-ਰਸ਼ੂ) ਕਹਿੰਦੇ, ਮੰਮੀ ਨੇ ਕਹਿਣਾ ਕਿੰਨੂ ਵਾਜਾਂ ਮਾਰਦੇ ਹੋ ? ਉਹ ਤੇ ਹੁਣ ਏਥੇ ਨਹੀਂ ਹੈ। ਮੈਂ ਅਕਸਰ ਆਉਂਦੀ ਰਹਿੰਦੀ ਸੀ ਮੰਮੀ-ਡੈਡੀ ਕੋਲ। ਇਕ ਵਾਰੀ ਛੁੱਟੀਆਂ ਵਿਚ ਮੰਮੀ ਤੇ ਡੈਡੀ ਸਾਡੇ ਨਾਲ ਦੇਹਰਾਦੂਨ ਗਏ, ਉਨ੍ਹਾਂ ਦਾ ਕਮਲਜੀਤ ਦੇ ਮਾਤਾ-ਪਿਤਾ ਨਾਲ ਬਹੁਤ ਨਿੱਘਾ ਰਿਸ਼ਤਾ ਸੀ। ਦੇਹਰਾਦੂਨ, ਡੋਈਵਾਲਾ, ਰਿਸ਼ੀਕੇਸ਼ ਦੇ ਪਹਾੜ, ਨਦੀਆਂ ਤੇ ਜੰਗਲ ਬਹੁਤ ਪਸੰਦ ਕਰਦੇ ਸਨ।

ਮੈਨੂੰ ਆਪਣੇ ਡੈਡੀ ਤੋਂ ਏਨਾ ਪਿਆਰ ਮਿਲਿਆ ਹੈ ਕਿ ਉਹ ਕਈ ਜਨਮਾਂ ਤੱਕ ਵੀ ਖ਼ਤਮ ਨਹੀਂ ਹੋਏਗਾ। ਉਹ ਹਾਲੀ ਵੀ ਇਕ ਅਦਿੱਖ ਸ਼ਕਤੀ ਵਾਂਗ ਮੇਰੇ ਅੰਗ-ਸੰਗ ਹਨ। ਰੱਬ ਜੀ ਮੈਂ ਹਰ ਜੀਵਨ ਉਹਨਾਂ ਨੂੰ ਹੀ ਆਪਣਾ ਪਿਤਾ ਪਾਵਾਂ।

ਉਹ ਇਕ ਸਫ਼ਲ ਤੇ ਸਾਰਥਕ ਜੀਵਨ ਜੀਵੇ ਤੇ ਇਸ ਦੁਨੀਆ ਤੋਂ ਸ਼ਾਂਤੀ ਨਾਲ (21 ਅਕਤੂਬਰ ਬਾਲਮੀਕੀ ਜੈਯੰਤੀ ਨੂੰ) ਵਿਦਾ ਹੋਏ। ਮੰਮੀ ਉਨ੍ਹਾਂ ਦੀ ਅੰਤਿਮ ਯਾਤਰਾ ਤੇ ਨਮ ਅੱਖਾਂ ਨਾਲ ਹੌਲੀ -ਹੌਲੀ ਗਾ ਰਹੇ ਸਨ :

........ਮੈਂ ਜਾਂ ਤੁਰਾਂ ਮੇਰੇ ਗੀਤ ਨੂੰ ਕਹਿਣਾ
ਹੌਲ਼ੀ ਹੌਲ਼ੀ ਗਾਏ
ਚਾਰ ਕਦਮ ਮੇਰੇ ਨਾਲ ਤੁਰੇ
ਤੇ ਫਿਰ ਭਾਵੇਂ ਮੁੜ ਜਾਏ
ਸਾਰੀ ਉਮਰ ਉਸ ਸਾਥ ਨਿਭਾਇਆ
ਓੜਕ ਵਾਰ ਨਿਭਾਏ
ਲੋਕ ਕਹੇ ਉਹ ਗੀਤਾਂ ਵਾਲਾ
ਤੁਰਿਆ ਧੁਰ ਦਰਗਾਹੇ ....,ਅਸੀਂ

ਸਾਰਿਆਂ ਨੇ ਭਾਪਾ ਜੀ ਨੂੰ ਖ਼ੁਸ਼ੀ-ਖ਼ੁਸ਼ੀ ਵਿਦਾਈ ਦਿੱਤੀ।

ਸਾਰੀ ਉਮਰ ਡੈਡੀ ਨੇ ਬੜਾ ਕੰਮ ਕੀਤਾ, ਬੜੀ ਸਾਧਨਾ ਕੀਤੀ ਤੇ ਉਹਨਾਂ ਨੂੰ ਬਹੁਤ ਮਾਣ-ਸਨਮਾਨ ਵੀ ਮਿਲੇ। ਉਹ ਕਹਿੰਦੇ ਸਨ, ਮੇਰੇ ਵਰਗੇ ਹੋਰ ਵੀ ਬਹੁਤ ਯੋਗ ਨੇ ਪਰ ਮੇਰੇ ਤੇ ਗੁਰੂ ਨੇ ਮੇਹਰ ਕੀਤੀ ਹੈ।

ਡਾ. ਹਰਿਭਜਨ ਸਿੰਘ ਜੀ ਦੇ 100ਵੇਂ ਸਾਲ ਨੂੰ ਮਨਾਉਂਦਿਆਂ, ਪੰਜਾਬੀ ਸਾਹਿਤ ਜਗਤ, ਖ਼ਾਸ ਕਰ ਕੇ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਸੰਚਾਲਕ, ਦਿੱਲੀ ਸਾਹਿਤ ਅਕਾਦਮੀ, ਡਾ. ਹਰਿਭਜਨ ਸਿੰਘ ਨੂੰ ਯਾਦ ਕਰ ਰਹੇ ਹਨ, ਮੈਂ ਆਪਨੇ ਪਰਿਵਾਰ ਵੱਲੋਂ ਸਭ ਨੂੰ ਵਧਾਈ ਦੇਂਦੀ ਹਾਂ। ਪੰਜਾਬੀ ਸਾਹਿਤਕਾਰਾਂ ਨੂੰ ਸਭ ਵੱਧ-ਚੜ੍ਹ ਕੇ ਯਾਦ ਕਰਦੇ ਰਹੀਏ। ਆਸ ਕਰਦੇ ਹਾਂ ਕੇ ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ ਤੇ ਪੰਜਾਬੀ ਸਭਿਆਚਾਰ ਵੱਧਦਾ ਤੇ ਤਰੱਕੀਆਂ ਕਰਦਾ ਰਹੇਗਾ।

*ਮਾਤਾ ਸੁੰਦਰੀ ਕਾਲਜ, ਦਿੱਲੀ ਯੂਨੀਵਰਸਿਟੀ

# ਤੂੰ ਬੜੀ ਮਾਸੂਮ ਏਂ

ਤੂੰ ਬੜੀ ਮਾਸੂਮ ਏਂ
ਜੇ ਮੈਂ ਕਦੇ ਜਾਬਰ ਬਣਾਂ
ਛਾਂਟਿਆਂ ਨਾਲ ਠੇਕ ਦਾਂ ਤੇਰਾ ਬਦਨ
ਨੈਣ ਤੇਰੇ ਇਸ ਤਰ੍ਹਾਂ ਨਹੁੰਦਰ ਦਿਆਂ
ਮੇਰੀਆਂ ਅੱਖੀਆਂ ਦੇ ਵਿਚ ਤੂੰ ਢੂੰਡ ਨ ਸੱਕੇਂ ਹੁਸਨ
ਖੋਹ ਲਵਾਂ ਵਿਸ਼ਵਾਸ ਤੇਰਾ, ਲੁੱਟ ਲਵਾਂ ਮਨ ਦਾ ਅਮਨ
ਤੂੰ ਕੀ ਜਾਣੇ ਖ਼ਤਰਿਆਂ ਭਰਿਆ ਹੈ ਤੇਰਾ ਭੋਲਾਪਨ
ਤੂੰ ਬੜੀ ਮਾਸੂਮ ਏਂ


ਰੋਜ਼ ਜਦ ਮੁੜਦਾ ਹਾਂ ਘਰ
ਵਾਹ ਕੇ ਰੋਜ਼ੀ ਦਾ ਵਦਾਣ
ਸੜ ਚੁੱਕੇ ਹੁੰਦੇ ਨੇ ਪੱਛਮ ਵਿਚ ਮਸਾਣ
ਲਗ ਚੁੱਕੇ ਹੁੰਦੇ ਨੇ ਹਿੱਕ ਅਸਮਾਨ ਦੀ—
ਤਾਰਿਆਂ ਦੀ ਅਗਨ-ਬਾਣ
ਵਰਤ ਚੁਕਦੀ ਏ ਚੁਫੇਰ ਮੌਤ ਵਰਗੀ ਚੁੱਪ ਚਾਣ
ਗ਼ਸ਼ ਜਹੀ ਵਿਚ ਘੁਕ ਸੌਂ ਚੁੱਕਾ ਏ ਹੁੰਦਾ ਕੁਲ ਜਹਾਨ
ਉਸ ਸਮੇਂ ਮੁੜਦਾ ਹਾਂ ਘਰ—
ਏਸ ਵੀਰਾਨੇ 'ਚ ਮੈਂ
ਅਪਣੇ ਦਿਲ-ਵੀਰਾਨ ਵਰਗਾ ਲਿਤੜ ਕੇ ਰਾਹ-ਬੀਆਬਾਨ;
ਗੂੜ੍ਹ ਰਾਤੀਂ—
ਮੇਰੀ ਅੱਖੀਆਂ ਦੇ ਵਿੱਚ ਕੋਈ ਪਾ ਕੇ ਨੈਣ
ਵੇਖ ਨਾ ਲਏ ਅੱਖ 'ਚ ਉਹ ਪਾਣੀ ਨਹੀਂ।
ਨਕਸ਼ ਵਿੱਚ ਨਹੀਂ ਜ਼ਿੰਦਗੀ;
ਪੁੱਛ ਨਾ ਬੈਠੇ ਕੋਈ
ਹੁਸਨ ਨੇ ਕੀਕਣ ਝਰੀਟਾਂ ਜਰ ਲਈਆਂ ?
ਜ਼ਿੰਦਗੀ ਤੋਂ ਜ਼ਿੰਦਗੀ ਦਾ ਇਸ਼ਕ ਕਿਸ ਨੇ ਖੋਹ ਲਿਆ ?
ਮਰ ਜਾਵਾਂਗਾ ਸ਼ਰਮ ਨਾਲ,
ਇਹ ਨਾ ਜਰ ਸੱਕਾਂਗਾ ਮੈਂ;
ਬਹੁਤ ਜਰ ਜਾਂਦਾ ਹਾਂ ਬੇਸ਼ਕ—
ਫਿਰ ਵੀ ਬੇਗੈਰਤ ਨਹੀਂ।
ਇਸ ਲਈ
ਰੋਜ਼ ਜਦ ਮੁੜਦਾ ਹਾਂ ਘਰ
ਸੜ ਚੁੱਕੇ ਹੁੰਦੇ ਨੇ ਪੱਛਮ ਵਿੱਚ ਮਸਾਨ
ਲਗ ਚੁੱਕੇ ਹੁੰਦੇ ਨੇ ਹਿਕ ਅਸਮਾਨ ਦੀ
ਤਾਰਿਆਂ ਦੇ ਅਗਨੀ ਬਾਣ।

**-ਡਾ. ਹਰਿਭਜਨ ਸਿੰਘ**

# ਡਾ. ਹਰਿਭਜਨ ਸਿੰਘ
# ਇਕ ਮੁਮਤਾਜ਼ ਸ਼ਖ਼ਸੀਅਤ

❖ ਪ੍ਰੋ. ਮਨਜੀਤ ਸਿੰਘ*

ਇਸ ਸੰਬੰਧੀ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਡਾ. ਹਰਿਭਜਨ ਸਿੰਘ ਹੁਰੀਂ, ਸਹੀ ਅਰਥਾਂ ਵਿਚ ਮੁਮਤਾਜ਼ ਸ਼ਖ਼ਸੀਅਤ ਦੇ ਮਾਲਕ ਸਨ। ਉਹਨਾਂ ਦੀ ਸ਼ਖ਼ਸੀਅਤ ਦੀਆਂ ਇੰਨੀਆਂ ਪਰਤਾਂ ਨੇ ਕਿ ਉਹਨਾਂ ਸਾਰੀਆਂ ਪਰਤਾਂ ਬਾਰੇ, ਕਿਸੇ ਇਕ ਲੇਖ ਵਿਚ ਬਿਆਨ ਕਰ ਸਕਣਾ, ਜੇਕਰ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੈ। ਇਸ ਤੱਥ ਦੀ ਪੁਸ਼ਟੀ ਲਈ ਮੇਰੇ ਕੋਲ਼ ਬੇਅੰਤ ਮਿਸਾਲਾਂ ਹਨ। ਸੰਨ 1973-74 ਤੋਂ ਲੈ ਕੇ ਉਹਨਾਂ ਦੇ ਜੀਵਨ ਦੇ ਆਖ਼ਰੀ ਦਿਨਾਂ (2002) ਤੱਕ ਮੈਨੂੰ ਉਹਨਾਂ ਦੇ ਸੰਪਰਕ ਵਿਚ ਰਹਿਣ ਦੇ ਨਿਰੰਤਰ ਮੌਕੇ ਹਾਸਿਲ ਹੁੰਦੇ ਰਹੇ ਹਨ। ਪਹਿਲਾਂ ਐੱਮ.ਏ. ਦਾ ਸਰਗਰਮ ਵਿਦਿਆਰਥੀ ਹੋਣ ਦੇ ਨਾਤੇ ਫਿਰ ਪੀਐੱਚ.ਡੀ. ਦਾ ਰਿਸਰਚ ਸਕਾਲਰ ਹੋਣ ਦੇ ਨਾਤੇ, ਫਿਰ ਦਿੱਲੀ ਯੂਨੀਵਰਸਿਟੀ ਦੇ ਖ਼ਾਲਸਾ (ਈਵਨਿੰਗ) ਕਾਲਜ 'ਚ ਪੰਜਾਬੀ ਸਾਹਿਤ ਦਾ ਅਧਿਆਪਕ ਹੋਣ ਦੇ ਨਾਤੇ ਅਤੇ ਮਗਰੋਂ ਇਕ ਨਿੱਘੇ ਮਿੱਤਰ ਹੋਣ ਦੇ ਨਾਤੇ। ਜ਼ਿਕਰਯੋਗ ਹੈ ਕਿ ਦਿੱਲੀ ਯੂਨੀਵਰਸਿਟੀ ਦੇ ਅਕਾਦਮਿਕ ਮਾਹੌਲ ਵਿਚ ਡਾ. ਸਾਹਿਬ ਦੇ ਸਰਗਰਮ ਹੋਣ ਦੇ ਦਿਨਾਂ ਵਿਚ, ਅੱਜ ਵਰਗਾ ਸੁਤੰਤਰ ਪੰਜਾਬੀ ਵਿਭਾਗ, ਅਜੇ ਹੋਂਦ ਵਿਚ ਨਹੀਂ ਸੀ ਆਇਆ। ਉਦੋਂ 'ਆਧੁਨਿਕ ਭਾਰਤੀ ਭਾਸ਼ਾਵਾਂ ਵਿਭਾਗ' ਦਾ ਇਕ ਵਿੰਗ ਪੰਜਾਬੀ ਵੀ ਹੋਇਆ ਕਰਦਾ ਸੀ। ਉਦੋਂ 14-15 ਦੇ ਕਰੀਬ ਆਧੁਨਿਕ ਭਾਰਤੀ ਭਾਸ਼ਾਵਾਂ (Department of M.I.L.) ਦੇ ਵਿੰਗ ਇਸ ਵਿਭਾਗ ਵਿਚ ਹੋਇਆ ਕਰਦੇ ਸਨ। ਪੰਜਾਬੀ ਵਿੰਗ, ਉਹਨਾਂ ਵਿੱਚੋਂ ਇਕ ਹੋਇਆ ਕਰਦਾ ਸੀ। ਸੰਨ 1985 ਵਿਚ ਜਾ ਕੇ ਇਹ ਪੰਜਾਬੀ ਵਿੰਗ, ਐੱਮ.ਆਈ.ਐੱਲ. ਵਿਭਾਗ ਤੋਂ ਵੱਖਰਾ ਹੋ ਕੇ, ਇਕ ਸੁਤੰਤਰ ਵਿਭਾਗ ਦੇ ਰੂਪ ਵਿਚ ਵਿਕਸਤ ਹੁੰਦਾ ਹੈ। ਡਾ. ਸਾਹਿਬ ਦਾ ਅਕਾਦਮਿਕ ਕੱਦ, ਇੰਨਾਂ ਉੱਚਾ ਹੋਇਆ ਕਰਦਾ ਸੀ ਕਿ ਬਾਕੀ ਭਾਸ਼ਾਵਾਂ ਦੇ ਅਧਿਆਪਕ ਵੀ ਉਹਨਾਂ ਦੀ ਦਿਲੋਂ ਬਹੁਤ ਇੱਜ਼ਤ ਕਰਿਆ ਕਰਦੇ ਸਨ। ਮੇਰੀ ਸੂਚਨਾ ਮੁਤਾਬਕ ਉਹ ਦੋ ਵੇਰਾਂ ਰੋਟੇਸ਼ਨ ਰਾਹੀਂ ਉਸ ਵਿਭਾਗ ਦੇ ਮੁਖੀ ਵੀ ਬਣੇ। ਬਾਕੀ ਦਾ ਸਮਾਂ ਵੀ ਉਹ ਉਸ ਵਿਭਾਗ ਦੇ ਮੁਖੀ ਵਾਂਗ ਹੀ ਵਿਚਰਦੇ ਰਹੇ। ਕਿਉਂਕਿ ਹਰ ਮੁਖੀ ਉਹਨਾਂ ਦੀ ਇਜਾਜ਼ਤ ਨਾਲ਼ ਹੀ ਕੰਮ ਕਰਿਆ ਕਰਦਾ ਸੀ। ਹਰ ਵਿਭਾਗੀ ਮਸਲੇ ਉਪਰ, ਉਹਨਾਂ ਦੀ ਰਾਇ ਅੰਤਿਮ ਮੰਨੀ ਜਾਂਦੀ ਸੀ। ਜ਼ਿਕਰਯੋਗ ਹੈ ਕਿ ਉਹਨਾਂ ਦੇ ਉੱਚੇ ਸਾਹਿਤਕ-ਅਕਾਦਮਿਕ ਕੱਦ ਨੂੰ ਵੇਖਦਿਆਂ ਹੋਇਆਂ ਹੀ ਦਿੱਲੀ ਯੂਨੀਵਰਸਿਟੀ ਨੇ ਉਹਨਾਂ ਨੂੰ ਪੰਜਾਬੀ ਦੇ ਪ੍ਰੋਫ਼ੈਸਰ ਦੀ ਪੋਸਟ ਆਫ਼ਰ ਕੀਤੀ ਸੀ। ਭਾਵ, ਉਹਨਾਂ ਨੇ ਇਸ ਪੋਸਟ ਲਈ ਕਦੇ ਵੀ ਅਪਲਾਈ ਨਹੀਂ ਸੀ ਕੀਤਾ। ਜਦੋਂ ਕਿ ਉਹਨਾਂ ਕੋਲ਼ ਪੰਜਾਬੀ ਦੀ ਲੋੜੀਂਦੀ ਡਿਗਰੀ ਵੀ ਮੌਜੂਦ ਨਹੀਂ ਸੀ। ਉਹ ਤਾਂ ਐੱਮ.ਏ. (ਹਿੰਦੀ) ਅਤੇ ਐੱਮ.ਏ. (ਅੰਗਰੇਜ਼ੀ) ਹੋਣ ਕਰਕੇ, ਉਦੋਂ ਦਿੱਲੀ ਯੂਨੀਵਰਸਿਟੀ ਨਾਲ਼ ਸੰਬੰਧਤ ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ ਵਿਖੇ ਹਿੰਦੀ ਸਾਹਿਤ ਦੇ ਅਧਿਆਪਕ ਲੱਗੇ ਹੋਏ ਸਨ ਅਤੇ ਇਸੇ ਕਾਲਜ ਦੇ ਵਾਈਸ-ਪ੍ਰਿੰਸੀਪਲ ਵੀ ਸਨ। ਪੰਜਾਬੀ



ਦੋ ਗੂੜ੍ਹੇ ਮਿੱਤਰ ਡਾ. ਅਮਰੀਕ ਸਿੰਘ ਅਤੇ ਡਾ. ਹਰਿਭਜਨ ਸਿੰਘ

ਵਿਚ ਤਾਂ ਉਹ ਸਿਰਫ਼ ਕਵਿਤਾ ਹੀ ਲਿਖਿਆ ਕਰਦੇ ਸਨ। ਹਿੰਦੀ ਸਾਹਿਤ ਦਾ ਅਧਿਆਪਕ ਹੁੰਦਿਆਂ ਹੋਇਆਂ ਉਹਨਾਂ ਨੂੰ ਪੰਜਾਬੀ ਦੀ ਪ੍ਰੋਫ਼ੈਸਰਸ਼ਿਪ ਆਫ਼ਰ ਹੋਣਾ ਉਹਨਾਂ ਲਈ ਬਹੁਤ ਮਾਣ ਵਾਲ਼ੀ ਗੱਲ ਤਾਂ ਸੀ ਹੀ, ਸਮੁੱਚੇ ਪੰਜਾਬੀ ਜਗਤ ਲਈ ਵੀ, ਇਕ ਬਹੁਤ ਵੱਡੀ ਘਟਨਾ ਸੀ। ਯੂਨੀਵਰਸਿਟੀ ਦੇ ਇਸ ਫ਼ੈਸਲੇ ਦੇ ਵਿਰੁੱਧ ਉਦੋਂ ਕੁੱਝ ਵਿਰੋਧ ਦੇ ਸੁਰ ਵੀ ਉੱਭਰੇ, ਪਰ ਡਾ. ਸਾਹਿਬ ਦੀ ਅਨੋਖੀ ਅਕਾਦਮਿਕ ਪ੍ਰਤਿਭਾ ਨੂੰ ਵੇਖਦਿਆਂ ਝੱਟ ਹੀ ਉਹ ਸਾਰੇ ਵਿਰੋਧ ਮੱਠੇ ਪੈ ਗਏ। ਇਸ ਮਗਰੋਂ ਡਾ. ਹਰਿਭਜਨ ਸਿੰਘ ਹੁਰਾਂ ਨੇ ਵੀ ਪੰਜਾਬੀ ਅਕਾਦਮਿਕਤਾ ਪ੍ਰਤੀ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਮਰਪਿਤ ਕਰ ਦਿੱਤਾ। ਉਹਨਾਂ ਨੇ ਸੁਚੇਤ ਪੱਧਰ 'ਤੇ ਪੰਜਾਬੀ ਸਾਹਿਤ ਆਲੋਚਨਾ ਦਾ ਰੁਖ਼ ਪੱਛਮ ਵਿਚ ਵਿਕਸਤ ਹੋਈ ਨਵੀਨ ਸਾਹਿਤ ਆਲੋਚਨਾ ਵੱਲ ਮੋੜਿਆ। ਉਹਨੀਂ ਦਿਨੀਂ ਪੰਜਾਬ ਵਿਚ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਦੀ ਮਾਰਕਸਵਾਦੀ ਆਲੋਚਨਾ ਆਪਣੀ ਪੂਰੀ ਚੜ੍ਹਤ 'ਤੇ ਸੀ। ਦਿੱਲੀ ਵਿਚ ਪ੍ਰੋ. ਕਿਸ਼ਨ ਸਿੰਘ ਦੀ ਆਲੋਚਨਾ ਦਾ ਬੋਲਬਾਲਾ ਸੀ। **ਸੇਧ** ਨਾਂ ਦੀ ਪਤ੍ਰਿਕਾ ਵਿਚ ਬਾਕਾਇਦਾ ਤੌਰ 'ਤੇ ਉਹਨਾਂ ਦੇ ਮਾਰਕਸਵਾਦੀ ਚਿੰਤਨ-ਪ੍ਰਣਾਲੀ ਉਪਰ ਆਧਾਰਿਤ ਲੰਮੇ-ਲੰਮੇ ਲੇਖ ਛਪਦੇ ਅਤੇ ਉਹਨਾਂ ਉਪਰ ਨਿੱਠ ਕੇ ਚਰਚਾ ਹੁੰਦੀ ਸੁਣਨ ਨੂੰ ਮਿਲ਼ਦੀ।

ਜ਼ਿਕਰਯੋਗ ਹੈ ਕਿ ਸੰਨ 1974 ਦੇ ਦੌਰਾਨ ਡਾ. ਹਰਿਭਜਨ ਸਿੰਘ ਹੁਰਾਂ ਦੀ ਸਮੀਖਿਆ-ਪੁਸਤਕ **ਪਾਰਗਾਮੀ** ਪ੍ਰਕਾਸ਼ਿਤ ਹੋਈ ਸੀ। ਉਹਨੀਂ ਦਿਨੀਂ ਮੈਂ ਐੱਮ.ਏ. (ਪੰਜਾਬੀ) ਦਾ ਵਿਦਿਆਰਥੀ ਹੁੰਦਾ ਸਾਂ। ਮੈਂ ਤੇ ਮੇਰੇ ਸਹਿਪਾਠੀਆਂ ਨੇ ਉਸ ਕਿਤਾਬ ਨੂੰ ਹੱਥੋ ਹੱਥੀਂ ਪੜ੍ਹ ਲਿਆ ਹੋਇਆ ਸੀ। ਉਸ ਕਿਤਾਬ ਵਿਚ ਹੋਰਨਾਂ ਤੋਂ ਛੁੱਟ ਦੋ ਲੇਖ ਸਿੱਧੇ ਤੌਰ 'ਤੇ ਪ੍ਰਿੰ. ਸੰਤ ਸਿੰਘ ਸੇਖੋਂ ਦੇ 'ਸਾਹਿਤ ਸਿਧਾਂਤ-ਚਿੰਤਨ' ਉਪਰ ਸਨ। ਦੋਵੇਂ ਲੇਖ ਬਹੁਤ ਹੀ ਕ੍ਰਿਟੀਕਲ ਈਡੀਅਮ ਵਿਚ ਲਿਖੇ ਹੋਏ ਸਨ। ਉਧਰ ਸਾਡੇ ਕੋਰਸ ਵਿਚ ਪ੍ਰਿੰ. ਸੇਖੋਂ ਦੀ ਬਹੁ-ਚਰਚਿਤ ਆਲੋਚਨਾ-ਪੁਸਤਕ **ਸਾਹਿਤਿਆਰਥ** (1957 ਈ.), ਬਤੌਰ ਇਕ ਪਾਠ-ਪੁਸਤਕ ਦੇ ਲੱਗੀ ਹੋਈ ਸੀ। ਸੰਬੰਧਤ ਅਧਿਆਪਕ ਨੇ, ਜਦੋਂ ਸਾਨੂੰ ਉਸ ਪੁਸਤਕ ਦੀ ਸਮਰੀ ਡਿਕਟੇਟ ਕਰਨੀ ਸ਼ੁਰੂ ਕੀਤੀ ਤਾਂ ਅਸੀਂ ਤਿੰਨਾਂ ਵਿਦਿਆਰਥੀਆਂ ਨੇ ਰਲ ਕੇ ਉਸਦਾ ਵਿਰੋਧ ਕੀਤਾ ਕਿਉਂਕਿ ਅਸੀਂ ਡਾ. ਹਰਿਭਜਨ ਸਿੰਘ ਹੁਰਾਂ ਦੇ ਉਹ ਦੋਵੇਂ ਲੇਖ ਪੜ੍ਹ ਚੁੱਕੇ ਹੋਏ ਸਾਂ ਜੋ ਉਸ ਅਧਿਆਪਕ ਦੀ ਪਹੁੰਚ ਤੋਂ ਅਜੇ ਬਾਹਰ ਸਨ। ਦੋਵੇਂ ਲੇਖ **ਸਾਹਿਤਿਆਰਥ** ਪੁਸਤਕ 'ਚੋਂ ਉੱਭਰਨ ਵਾਲ਼ੇ ਪ੍ਰਿੰ. ਸੇਖੋਂ ਦੇ ਮਾਰਕਸਵਾਦੀ ਨਜ਼ਰੀਏ ਦਾ ਆਲੋਚਨਾਤਮਕ ਜਾਇਜ਼ਾ ਲੈਣ ਵੱਲ ਰੁਚਿਤ ਸਨ। ਉਸ ਸਾਹਵੇਂ ਗੰਭੀਰ ਸਵਾਲ ਖੜੇ ਕਰਨ ਵਾਲ਼ੇ ਸਨ। ਸੋ, ਡਾ. ਸਾਹਿਬ ਅੱਗੇ ਸਾਡੀ ਸ਼ਿਕਾਇਤ ਕੀਤੀ ਗਈ ਕਿ ਅਸੀਂ ਅਧਿਆਪਕਾਂ ਨੂੰ ਪ੍ਰਸ਼ਨ ਕਰ ਕਰ ਕੇ ਤੰਗ ਕਰਦੇ ਹਾਂ। ਵੱਡਾ ਇਲਜ਼ਾਮ ਮੇਰੇ ਸਿਰ ਮੜ੍ਹਿਆ ਗਿਆ। ਖ਼ੈਰ ! ਅਗਲੇ ਪੀਰੀਅਡ ਦੇ ਦੌਰਾਨ ਡਾ. ਸਾਹਿਬ ਨੇ ਆਪ ਕਲਾਸ ਵਿਚ ਆ ਕੇ ਸਾਰੇ ਮਸਲੇ ਦੀ ਤਫ਼ਤੀਸ਼ ਕੀਤੀ। ਜਦੋਂ ਉਹਨਾਂ ਨੂੰ ਅਸਲੀਅਤ ਦਾ ਪਤਾ ਚਲਿਆ ਤਾਂ ਉਹ ਬਹੁਤ ਹੈਰਾਨ ਵੀ ਹੋਏ ਅਤੇ ਖੁਸ਼ ਵੀ। ਪੁੱਛਣ ਲੱਗੇ ਕਿ ਤੁਸੀਂ **ਪਾਰਗਾਮੀ** ਕਿਤਾਬ ਕਿਵੇਂ ਪੜ੍ਹ ਲਈ ? ਕਿੱਥੋਂ ਉਪਲਬਧ ਹੋਈ ? ਅਜੇ ਹੁਣੇ ਹੀ ਤਾਂ ਪ੍ਰਕਾਸ਼ਿਤ ਹੋਈ ਹੈ। ਲੱਗਦਾ ਸੀ ਕਿ ਡਾ. ਸਾਹਿਬ ਦੀ ਪਾਰਖੂ ਦ੍ਰਿਸ਼ਟੀ ਨੇ ਸੱਚ ਜਾਣ ਲਿਐ ਹੋਇਆ ਸੀ। ਸੋ, ਅੱਗੋਂ ਤੋਂ ਉਹ ਆਪ ਸਾਨੂੰ ਉਸ ਕਿਤਾਬ ਨੂੰ ਪੜ੍ਹਾਉਣ ਲੱਗ ਪਏ। ਸਾਡੀ ਵੀ ਲੋੜੀਂਦੀ ਸੰਤੁਸ਼ਟੀ ਹੋਣ ਲੱਗ ਪਈ। ਸਾਡੀ ਸਭ ਦੀ ਇੱਛਾ ਸੀ ਕਿ ਡਾ. ਸਾਹਿਬ ਸਵੇਰੇ ਹੋਣ ਵਾਲ਼ੀਆਂ ਕਲਾਸਾਂ ਦੀ ਤਰ੍ਹਾਂ ਸ਼ਾਮੀਂ ਸਾਨੂੰ ਵੀ ਪੜ੍ਹਾਉਣ। ਇਉਂ, ਡਾ. ਸਾਹਿਬ ਸਾਡੇ ਸਾਰਿਆਂ ਦੇ ਪਸੰਦੀਦਾ ਅਧਿਆਪਕ ਬਣ ਗਏ। ਉਹਨੀਂ ਦਿਨੀਂ, ਉਹ ਪ੍ਰਿੰ. ਸੇਖੋਂ ਦੇ ਸਾਹਿਤ-ਚਿੰਤਨ ਉਪਰ ਬੜੇ ਕ੍ਰਿਟੀਕਲ ਤੇ ਤਿੱਖੇ ਹਮਲੇ ਕਰ ਰਹੇ ਸਨ। ਤਿੱਖੇ ਵਿਚਾਰਧਾਰਕ ਵਿਰੋਧਾਂ ਦੇ ਬਾਵਜੂਦ, ਪ੍ਰਿੰ. ਸੇਖੋਂ ਹੁਰਾਂ ਨੇ ਇਕ ਲੇਖ "ਸਮੀਖਿਆਕਾਰ ਹਰਿਭਜਨ ਸਿੰਘ" ਲਿਖਿਆ। ਜ਼ਾਹਿਰ ਹੈ ਕਿ ਉਸ ਲੇਖ ਦੇ ਮਾਧਿਅਮ ਰਾਹੀਂ, ਉਹਨਾਂ ਨੇ ਡਾ. ਹਰਿਭਜਨ ਸਿੰਘ ਹੁਰਾਂ ਦੀ ਰੂਪਵਾਦੀ-ਸੰਰਚਨਾਵਾਦੀ ਵਿਧੀ ਉਪਰ ਤਿੱਖੇ ਆਕਰਮਣ ਕੀਤੇ ਹੋਣਗੇ। ਕੀਤੇ ਵੀ ਹੋਏ ਸਨ। ਪਰ ਇੰਨੇ ਗੰਭੀਰ ਵਿਰੋਧਾਂ ਦੇ ਬਾਵਜੂਦ ਇਸ ਲੇਖ ਦੇ ਅੰਤ ਵਿਚ ਉਹਨਾਂ ਨੇ ਡਾ. ਸਾਹਿਬ ਦੀ ਅਨੋਖੀ ਪ੍ਰਤਿਭਾ ਦੀ ਤਾਰੀਫ਼ ਕਰਨੋਂ ਸੰਕੋਚ ਨਾ ਕੀਤਾ। ਪ੍ਰਿੰ. ਸੇਖੋਂ ਦੇ ਸ਼ਬਦਾਂ ਵਿਚ "ਅੰਤ ਵਿਚ ਮੈਂ ਡਾਕਟਰ ਹਰਿਭਜਨ ਸਿੰਘ ਦੀ ਤੀਖਣ-ਚੇਤਨਾ ਦੀ ਦਾਦ ਦਿੱਤੇ ਬਿਨਾ ਨਹੀਂ ਰਹਿ ਸਕਦਾ। ਕਵਿਤਾ ਜਾਂ ਹੋਰ ਸਾਹਿਤ-ਰਚਨਾ, ਡਾਕਟਰ ਹਰਿਭਜਨ ਸਿੰਘ ਦੇ ਹੱਥਾਂ ਵਿਚ ਇਕ ਮਦਾਰੀ ਦੇ ਗੋਲ਼ੇ ਵਾਂਗ ਹੈ, ਜਿਸ ਨੂੰ ਉਹ ਦੋ ਬਣਾ ਕੇ ਵੀ ਦਿਖਾ ਸਕਦਾ ਹੈ, ਤਿੰਨ ਬਣਾ ਕੇ ਵੀ ਤੇ ਚਾਰ ਬਣਾ ਕੇ ਵੀ। ਉਸ ਦਾ ਰਚਨਾ ਦਾ ਵਿਸ਼ਲੇਸ਼ਣ, ਭਾਵੇਂ ਇਕ-ਪੱਖੀ ਰਹਿ ਜਾਂਦਾ ਹੈ, ਪਰ ਇਸ ਇਕ-ਪੱਖ ਦੇ ਦਰਸ਼ਨ ਉਹ ਸਾਨੂੰ ਇਕ ਸ਼ੀਸ਼ ਮਹੱਲ ਵਾਕਰ ਕਰਾ ਦਿੰਦਾ ਹੈ।.........ਡਾਕਟਰ ਹਰਿਭਜਨ ਸਿੰਘ ਦੀ ਪ੍ਰਤਿਭਾ, ਉਸ ਦੇ ਇਸ ਸੁਕੋੜਵੇਂ ਯਤਨਾਂ ਦੀ ਸੀਮਾ ਤੋਂ ਬਾਹਰ ਜਾ ਕੇ ਪਾਠਕ ਨੂੰ ਨਵੀਂ ਸੂਝ ਪ੍ਰਦਾਨ ਕਰਦੀ ਹੈ।"

ਪ੍ਰਿੰ. ਸੇਖੋਂ ਦੇ ਇਹਨਾਂ ਸ਼ਬਦਾਂ ਤੋਂ ਸਾਨੂੰ, ਡਾ. ਹਰਿਭਜਨ ਸਿੰਘ ਹੁਰਾਂ ਦੀ ਮੁਮਤਾਜ਼ ਸ਼ਖ਼ਸੀਅਤ ਦਾ ਸਹਿਜੇ ਹੀ ਦੀਦਾਰ ਹੋ ਜਾਂਦਾ ਹੈ। ਡਾ. ਸਾਹਿਬ ਦੇ ਨਾਲ਼ ਨਾਲ਼ ਪ੍ਰਿੰ. ਸੇਖੋਂ ਹੁਰਾਂ ਦੀ ਵਡਿੱਤਣ ਵੀ ਉਜਾਗਰ ਹੋ ਜਾਂਦੀ ਹੈ। ਅਫ਼ਸੋਸ, ਇਹੋ ਜਿਹਾ ਸੰਤੁਲਿਤ ਇਨਸਾਨੀ ਜਜ਼ਬਾ ਹੁਣ ਸਾਡੇ ਨਵੇਂ ਪੁੰਗਰ ਰਹੇ ਆਲੋਚਕਾਂ ਦੀ ਸ਼ਖ਼ਸੀਅਤ 'ਚੋਂ ਪੂਰੀ ਤਰ੍ਹਾਂ ਗ਼ਾਇਬ ਨਜ਼ਰ ਆਉਂਦੈ। ਲੱਗਦੈ ਉਹਨਾਂ ਦੀ ਸ਼ਖ਼ਸੀਅਤ ਦਾ ਨਿਰਮਾਣ ਵੀ ਉਹੀ ਕਾਰਪੋਰੇਟ ਜਗਤ ਕਰ ਰਿਹੈ ਜੋ ਵਿਸ਼ਵੀਕਰਨ (Globalisation) ਦੀ ਆੜ ਵਿਚ, ਹਰ ਸ਼ੈ ਦਾ ਬਾਜ਼ਾਰੀਕਰਨ ਕਰਨ ਤੋਂ ਰਤਾ ਵੀ ਸੰਕੋਚ ਨਹੀਂ ਕਰਦਾ।

ਇਸ ਸੰਬੰਧ ਵਿਚ ਇਹ ਜ਼ਿਕਰ ਕਰਨਾ ਵੀ ਦਿਲਚਸਪੀ ਦਾ ਵਿਸ਼ਾ ਹੋਵੇਗਾ ਕਿ ਡਾ. ਹਰਿਭਜਨ ਸਿੰਘ ਹੁਰਾਂ ਨੇ ਆਪਣੀ ਸਮੀਖਿਆ-ਪੁਸਤਕ **ਪਾਰਗਾਮੀ** ਉਸ ਵਕਤ ਦੇ ਬੰਗਲਾ ਭਾਸ਼ਾ ਦੇ ਅੰਤਰ-ਰਾਸ਼ਟਰੀ ਪ੍ਰਸਿੱਧਤਾ ਦੇ ਮਾਲਕ ਸਕਾਲਰ-ਅਧਿਆਪਕ ਅਤੇ ਸਾਬਕਾ ਮੁਖੀ, ਐੱਮ.ਆਈ.ਐੱਲ ਵਿਭਾਗ, ਡਾ. ਆਰ. ਕੇ. ਦਾਸ ਗੁਪਤਾ ਹੁਰਾਂ ਨੂੰ ਸਮਰਪਿਤ ("ਡਾ. ਆਰ.ਕੇ. ਦਾਸ ਗੁਪਤਾ ਦੇ ਨਾਮ, ਜਿਸ ਨੇ ਮੈਨੂੰ ਪੰਜਾਬੀ ਅਧਿਆਪਨ ਦੇ ਯੋਗ ਸਮਝਿਆ") ਕੀਤੀ ਸੀ। ਜ਼ਿਕਰਯੋਗ ਹੈ ਕਿ ਡਾ. ਹਰਿਭਜਨ ਸਿੰਘ ਹੁਰਾਂ ਨੂੰ, ਪੰਜਾਬੀ ਦੀ ਪ੍ਰੋਫ਼ੈਸਰਸ਼ਿਪ, ਇਹਨਾਂ (ਡਾ. ਦਾਸ ਗੁਪਤਾ) ਦੀ ਰਿਕੋਮੈਨਡੇਸ਼ਨ 'ਤੇ ਹੀ ਆਫ਼ਰ ਹੋਈ ਸੀ। ਵਧੇਰੇ ਕਰ ਕੇ ਡਾ. ਸਾਹਿਬ ਆਪਣੀਆਂ ਕਿਤਾਬਾਂ ਕਿਸੇ ਨੂੰ ਸਮਰਪਿਤ ਨਹੀਂ ਸਨ ਕਰਿਆ ਕਰਦੇ। **ਪਾਰਗਾਮੀ** ਤੋਂ ਛੁੱਟ ਉਹਨਾਂ ਨੇ, ਇਕ-ਦੋ ਹੋਰ

ਕਿਤਾਬਾਂ ਜ਼ਰੂਰ ਆਪਣੇ ਖੋਜਾਰਥੀਆਂ ਨੂੰ ਸਾਂਝੇ ਤੌਰ 'ਤੇ ਸਮਰਪਿਤ ਕੀਤੀਆਂ ਹਨ। ਬਹੁਤਾ ਕਰਕੇ ਉਹਨਾਂ ਦੀਆਂ ਕਿਤਾਬਾਂ ਵਿਚ ਸਮਰਪਣ ਵਾਲ਼ਾ ਪੰਨਾ ਹੁੰਦਾ ਹੀ ਨਹੀਂ ਸੀ। ਉਹਨੀਂ ਦਿਨੀਂ ਮੈਂ ਕਿਸੇ ਸੈਮੀਨਾਰ ਵਿਚ ਇਕ ਪੇਪਰ ਪੜ੍ਹਿਆ। ਮੇਰੀ ਖ਼ੁਸ਼ਕਿਸਮਤੀ ਨਾਲ਼ ਡਾ. ਸਾਹਿਬ ਵੀ ਉੱਥੇ ਮੌਜੂਦ ਸਨ। ਸੈਮੀਨਾਰ ਖ਼ਤਮ ਹੋਣ 'ਤੇ ਉਹਨਾਂ ਨੇ ਮੈਨੂੰ ਜੱਫ਼ੀ ਵਿਚ ਲੈ ਲਿਆ ਅਤੇ ਮੇਰੀ ਰੱਜ ਕੇ ਤਾਰੀਫ਼ ਕੀਤੀ। ਕਹਿਣ ਲੱਗੇ, "ਤੇਰੇ 'ਚੋਂ ਮੈਨੂੰ ਮੇਰਾ ਆਪਾ ਵਿਕਸਤ ਹੁੰਦਾ ਨਜ਼ਰ ਆ ਰਿਹੈ।" ਗੱਲ, ਆਈ-ਗਈ ਹੋ ਗਈ। ਕੁੱਝ ਦਿਨਾਂ ਬਾਅਦ ਜਦੋਂ ਮੈਂ ਉਹਨਾਂ ਨੂੰ ਮਿਲ਼ਿਆ ਤਾਂ ਉਹਨਾਂ ਨੇ ਮਿਲਦਿਆਂ ਸਾਰ ਆਪਣੀ ਨਵੀਂ ਛਪੀ ਕਿਤਾਬ **ਇਕ ਖ਼ਤ ਤੇਰੇ ਨਾਂ** ਦੀ ਇਕ ਪ੍ਰਤੀ ਮੈਨੂੰ ਭੇਟ ਕੀਤੀ। ਇਹ ਗੱਲ, ਸ਼ਾਇਦ ਸੰਨ 1983 ਈ. ਦੀ ਹੈ। ਮੈਨੂੰ ਪੀਐੱਚ.ਡੀ. ਦੀ ਡਿਗਰੀ ਮਿਲ਼ ਚੁੱਕੀ ਹੋਈ ਸੀ। ਮੈਂ ਧੰਨਵਾਦ ਕਰਕੇ ਸਤਿਕਾਰ ਸਹਿਤ ਕਿਤਾਬ ਦੀ ਉਹ ਪ੍ਰਤੀ ਹਾਸਿਲ ਕੀਤੀ ਅਤੇ ਕਾਹਲ਼ੀ ਕਾਹਲ਼ੀ ਦਿੱਲੀ ਯੂਨੀਵਰਸਿਟੀ ਦੀ ਸੈਂਟਰਲ ਰੈਫ਼ਰੈਂਸ ਲਾਇਬ੍ਰੇਰੀ ਦੇ ਰਿਸਰਚ ਫ਼ਲੋਰ 'ਤੇ ਉਸ ਕਿਤਾਬ ਦਾ ਜਾਇਜ਼ਾ ਲੈਣ ਲਈ ਆ ਗਿਆ। ਆਦਤਨ ਮੈਂ ਉਸ ਕਿਤਾਬ ਨੂੰ ਛੇਤੀ-ਛੇਤੀ ਪੜ੍ਹ ਲੈਣਾ ਚਾਹੁੰਦਾ ਸਾਂ ਤਾਂ ਜੋ ਉਸ ਬਾਬਤ ਸੰਵਾਦ ਰਚਾਇਆ ਜਾ ਸਕੇ ਅਤੇ ਜਾਂ ਫਿਰ ਨੇੜਲੇ ਭਵਿੱਖ ਵਿਚ ਉਸ ਕਿਤਾਬ ਉਪਰ ਹੋਣ ਵਾਲ਼ੀ ਕਿਸੇ ਸੰਭਾਵਿਤ ਚਰਚਾ ਵਿਚ ਭਾਗ ਲਿਆ ਜਾ ਸਕੇ। ਪਰ, ਜਿਉਂ ਹੀ ਮੈਂ ਕਿਤਾਬ ਦੇ ਮੁੱਢਲੇ ਪੰਨੇ ਫਰੋਲੇ। ਪੜ੍ਹ ਕੇ ਹੈਰਾਨ ਰਹਿ ਗਿਆ। ਕਿਤਾਬ ਦੇ ਸਮਰਪਣ ਵਾਲ਼ੇ ਪੰਨੇ 'ਤੇ ਇਬਾਰਤ ਦਰਜ਼ ਸੀ :-

**ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍॥**
**ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ੍॥੧॥ ਰਹਾਉ ॥**

(ਸੂਹੀ ਮਹਲਾ ੧, ਘਰੁ ੬)

**ਆਪਣੇ ਸ਼ਾਗਿਰਦ ਤੇ ਮਿੱਤਰ ਡਾ. ਮਨਜੀਤ ਸਿੰਘ ਦੇ ਨਾਂ**

ਇਹ ਅਲਫ਼ਾਜ਼ ਪੜ੍ਹਣ ਮਗਰੋਂ ਮੇਰੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ ਰਿਹਾ। ਮੈਂ ਅਕਾਲ ਪੁਰਖ ਦਾ ਧੰਨਵਾਦ ਕੀਤਾ ਅਤੇ ਕਿਤਾਬ ਵਿਚਲੇ ਮੈਟਰ ਦਾ ਅਧਿਐਨ ਕਰਨਾ ਸ਼ੁਰੂ ਕੀਤਾ। ਸੋਚਿਆ ਹੁਣ ਸਾਰੀ ਕਿਤਾਬ ਪੜ੍ਹ ਕੇ ਹੀ ਉਠਾਂਗਾ। ਪਰ, ਇੰਵ ਹੋ ਨਾ ਸਕਿਆ। ਰਾਤ ਦੇ 11 ਵੱਜ ਚੁੱਕੇ ਸਨ। ਇਸ ਕਾਰਜ ਲਈ ਕਾਲਜ ਤੋਂ ਮੈਂ ਟੈਲੀਫ਼ੋਨ ਕਰਕੇ ਪਹਿਲਾਂ ਹੀ ਛੁੱਟੀ ਲੈ ਲਈ ਹੋਈ ਸੀ। ਲਾਇਬ੍ਰੇਰੀ ਬੰਦ ਹੋਣ 'ਤੇ ਆ ਗਈ।ਰਹਿੰਦੇ ਪੰਨੇ ਘਰ ਜਾ ਕੇ ਪੜ੍ਹਣ ਦੇ ਇਰਾਦੇ ਨਾਲ਼ ਮੈਂ ਉੱਥੋਂ ਵਿਦਾ ਲਈ। ਡਾ. ਹਰਿਭਜਨ ਸਿੰਘ ਹੁਰਾਂ ਨਾਲ਼ ਜੁੜੀਆਂ ਹੋਈਆਂ ਕੁੱਝ ਯਾਦਾਂ ਮੈਂ ਆਪਣੇ ਲੇਖ "ਯਾਦਾਂ ਦੀ ਆਬਸ਼ਾਰ" ਵਿਚ ਵੀ ਅੰਕਿਤ ਕੀਤੀਆਂ ਹਨ।

ਇਕ ਤਰਫ਼, ਸੰਬੰਧਤ ਪੁਸਤਕ ਦਾ ਸਮਰਪਣ ਮੈਨੂੰ ਹੋਣਾ ਮੇਰੇ ਲਈ ਬੇਅੰਤ ਖ਼ੁਸ਼ੀ ਦਾ ਸਬੱਬ ਸੀ ਅਤੇ ਦੂਜੀ ਤਰਫ਼ ਉਹ ਮੇਰੇ ਅਤੇ ਡਾ. ਹਰਿਭਜਨ ਸਿੰਘ ਹੁਰਾਂ ਪ੍ਰਤੀ ਤਿੱਖੇ ਵਿਰੋਧ ਦਾ ਕਾਰਨ ਬਣ ਗਿਆ। ਵੱਡਾ ਵਿਰੋਧ ਡਾ. ਸਾਹਿਬ ਦੇ ਸਾਥੀ-ਅਧਿਆਪਕਾਂ ਵੱਲੋਂ ਈਰਖਾ ਵੱਸ ਕੀਤਾ ਜਾ ਰਿਹਾ ਸੀ। ਲਗਭਗ ਇਹ ਸਾਰੇ ਸੱਜਣ ਪਹਿਲਾਂ ਮੇਰੇ ਅਧਿਆਪਕ ਰਹਿ ਚੁੱਕੇ ਹੋਏ ਸਨ। ਬੁਨਿਆਦੀ ਇਲਜ਼ਾਮ ਇਹ ਸੀ ਕਿ ਲੰਮੇ ਸਮੇਂ ਤੋਂ ਉਹਨਾਂ ਦੇ ਸਾਥੀ-ਅਧਿਆਪਕ ਹੋਣ ਦੇ ਬਾਵਜੂਦ ਡਾ. ਸਾਹਿਬ ਨੇ ਆਪਣੀ ਸਮੀਖਿਆ-ਪੁਸਤਕ ਉਹਨਾਂ 'ਚੋਂ ਕਿਸੇ ਨੂੰ ਸਮਰਪਿਤ ਨਹੀਂ ਕੀਤੀ ਅਤੇ ਡਾ. ਮਨਜੀਤ ਸਿੰਘ ਨਾਂ ਦੇ ਨਵੇਂ ਪੁੰਗਰ ਰਹੇ ਰਿਸਰਚ ਸਕਾਲਰ ਨੂੰ ਸਮਰਪਿਤ ਕਰ ਦਿੱਤੀ ਹੈ। ਵਿਰੋਧ ਤਿੱਖੇ ਵੀ ਸਨ ਅਤੇ ਕਿਤੇ ਕਿਤੇ ਤਾਂ ਉਹ ਅਧਿਆਪਕੀ-ਕਿੱਤੇ ਦੀਆਂ ਬੁਨਿਆਦੀ ਹੱਦਾਂ ਟੱਪ ਕੇ ਬੇਹੂਦਗੀ ਦਾ ਰੂਪ ਧਾਰਦੇ ਵੀ ਨਜ਼ਰ ਆਉਂਦੇ ਸਨ। ਇਹਨਾਂ ਬੇਲੋੜੇ ਵਿਰੋਧਾਂ ਕਾਰਨ ਜਦੋਂ ਮੈਂ ਉਦਾਸ ਹੋ ਜਾਂਦਾ ਤਾਂ ਡਾ. ਸਾਹਿਬ ਮੈਨੂੰ ਨਿੱਕੀਆਂ-ਨਿੱਕੀਆਂ ਮਿਸਾਲਾਂ ਦੇ ਕੇ ਸਮਝਾਉਂਦੇ ਤੇ ਹੌਂਸਲਾ ਦੇਂਦੇ, "ਵੇਖ ਮਨਜੀਤ! ਵਿਰੋਧ ਹਮੇਸ਼ਾ ਆਪਣੇ ਤੋਂ ਵੱਡੇ ਦਾ ਕੀਤਾ ਜਾਂਦੈ। ਆਪਣੇ ਤੋਂ ਛੋਟੇ ਦਾ ਨਹੀਂ। ਵਿਰੋਧ ਕਰਨ ਵਾਲ਼ੇ ਤਾਂ ਬਹੁਤੇ ਤੇਰੇ ਅਧਿਆਪਕ ਹੀ ਨੇ। ਜਦੋਂ ਅਧਿਆਪਕ, ਆਪਣੇ ਸ਼ਾਗਿਰਦ ਦਾ ਹੀ ਵਿਰੋਧ ਕਰਨ ਲੱਗਦੈ......ਤਾਂ ਇਸ ਦਾ ਮਤਲਬ ਇਹੀ ਹੁੰਦੈ ਕਿ ਸ਼ਾਗਿਰਦ, ਆਪਣੇ ਅਧਿਆਪਕ ਨਾਲੋਂ ਅਕਾਦਮਿਕ ਤੌਰ 'ਤੇ ਵੱਡਾ ਹੋ ਗਿਐ। .....ਮਨਜੀਤ ਤੂੰ ਇਹਨਾਂ ਦੇ ਵਿਰੋਧਾਂ ਨੂੰ ਚੂੰਡੀ ਦੇ ਦਰਦ ਤੋਂ ਵੱਡਾ ਨਾ ਜਾਣੀ। ਚੂੰਡੀ ਮਾਰਨ ਵਾਲ਼ੇ ਦੇ ਪਿੱਛੇ ਨਹੀਂ ਭੱਜਣਾ। ਇੰਵ ਕਰਨ ਨਾਲ਼ ਸਮਾਂ ਅਜਾਈਂ ਜਾਂਦਾ ਏ। ਉਹ ਤਾਂ ਚਾਹੁੰਦੇ ਨੇ ਕਿ ਤੂੰ ਭੱਜੇਂ ਪਰ ਤੂੰ ਇੰਵ ਨਹੀਂ ਕਰਨਾ।" ਕਦੇ ਕਹਿੰਦੇ, "ਵੱਖਰੀ ਸ਼ਖ਼ਸੀਅਤ ਦੀ ਨਿਸ਼ਾਨਦੇਹੀ ਲਈ ਵਿਰੋਧ ਜ਼ਰੂਰੀ ਹੁੰਦੈ। ਵਿਰੋਧ ਤੁਹਾਨੂੰ ਹਮੇਸ਼ਾਂ ਚੇਤੰਨ ਰੱਖਦੈ ਅਤੇ ਕੁੱਝ ਕਰ ਗੁਜ਼ਰਨ ਦੀ ਸ਼ਕਤੀ ਵੀ ਦੇਂਦਾ ਏ।" ਡਾ. ਸਹਿਬ ਦੇ ਇਹ ਨੁਸਖੇ ਡੂੰਘੀਆਂ ਰਮਜ਼ਾਂ ਨਾਲ਼ ਭਰੇ ਹੋਏ ਸਨ। ਉਹਨਾਂ ਦੀ ਅਹਿਮੀਅਤ ਨੂੰ ਸਮਝਦਿਆਂ ਮੈਂ ਉਹਨਾਂ ਉਪਰ ਬਾਖ਼ੂਬੀ ਅਮਲ ਕੀਤਾ ਅਤੇ ਆਪਣੇ ਪੜ੍ਹਣ-ਲਿਖਣ ਦੇ ਜਜ਼ਬੇ ਨੂੰ ਹੋਰ ਪ੍ਰਚੰਡ ਕੀਤਾ।

ਖ਼ੈਰ! ਅਜਿਹੇ ਕਈ ਵਿਰੋਧਾਂ ਦਾ ਸਾਹਮਣਾ ਡਾ. ਸਾਹਿਬ ਲੰਮੇ ਸਮੇਂ ਤੋਂ ਕਰਦੇ ਆ ਰਹੇ ਸਨ। ਜਦੋਂ ਉਹਨਾਂ ਦੁਆਰਾ ਪੇਸ਼ ਕੀਤੇ ਜਾਂਦੇ ਸਾਹਿਤ-ਚਿੰਤਨ ਨੂੰ ਪੰਜਾਬੀ ਦੇ ਮੰਨੇ-ਪ੍ਰਮੰਨੇ ਮਾਰਕਸਵਾਦੀ ਵਿਦਵਾਨਾਂ ਵੱਲੋਂ ਇਕ ਚੁਣੌਤੀ/ਵੰਗਾਰ (ਚੈਲੰਜ) ਵਜੋਂ ਗ੍ਰਹਿਣ ਕੀਤਾ ਜਾਣ ਲੱਗਿਆ ਤਾਂ ਉਹਨਾਂ ਨੇ ਮਸ਼ਕਰੀ ਵਜੋਂ ਉਸਨੂੰ "ਦਿੱਲੀ ਸਕੂਲ" ਦਾ ਸਾਹਿਤ-ਚਿੰਤਨ ਕਹਿਣਾ ਸ਼ੁਰੂ ਕਰ ਦਿੱਤਾ। ਇਹ ਲਕਬ ਲਗਭਗ ਰੂਸੀ ਰੂਪਵਾਦੀਆਂ ਦੇ ਨਾਮਕਰਨ ਵਰਗਾ ਹੀ ਸੀ। ਇਉਂ ਆਹਿਸਤਾ-ਆਹਿਸਤਾ ਹੋਰ ਵਿਦਵਾਨ-ਅਧਿਆਪਕ ਵੀ, ਇਸ ਚਿੰਤਨੀ ਟੋਲੇ ਨਾਲ਼ ਜੁੜਦੇ ਗਏ। ਵਿਰੋਧੀਆਂ ਨੇ ਇਸ ਨੂੰ "ਦਿੱਲੀ ਸਕੂਲ ਆਫ਼ ਪੰਜਾਬੀ ਕ੍ਰਿਟੀਸਿਜ਼ਮ" ਕਹਿਣਾ ਸ਼ੁਰੂ ਕਰ ਦਿੱਤਾ। ਡਾ. ਹਰਿਭਜਨ ਸਿੰਘ ਹੁਰਾਂ ਨੂੰ ਇਸ ਚਿੰਤਨੀ ਟੋਲੇ ਦਾ ਮੁਖੀ ਅਤੇ "ਦਿੱਲੀ ਸਕੂਲ" ਦਾ ਬਾਨੀ (Founder) ਮੰਨਿਆ ਜਾਣ ਲੱਗਿਆ। ਭਾਵੇਂ ਆਪਣੇ ਸ਼ੁਰੂਆਤੀ ਦੌਰ ਵਿਚ ਇਸ 'ਚਿੰਤਨੀ ਸਕੂਲ' ਦਾ ਪ੍ਰਭਾਵ ਦਿੱਲੀ ਤੱਕ ਹੀ ਸੀਮਿਤ ਸੀ ਪਰ ਸਹਿਜੇ-ਸਹਿਜੇ ਇਸ ਦੇ ਅਸਰ ਵਸੀਹ ਹੁੰਦੇ ਗਏ। ਇਸ ਵਕਤ ਸਮੁੱਚੀ ਪੰਜਾਬੀ ਸਾਹਿਤ ਆਲੋਚਨਾ ਉਪਰ 'ਦਿੱਲੀ ਸਕੂਲ' ਦੀ ਅਮਿੱਟ ਛਾਪ, ਸਾਫ਼ ਵਿਖਾਈ ਦਿੰਦੀ ਹੈ। "ਦਿੱਲੀ ਦਾ ਪੰਜਾਬੀ ਸਮੀਖਿਆ-ਸਕੂਲ: ਇਤਿਹਾਸ ਤੇ ਪ੍ਰਾਪਤੀਆਂ" ਵਿਸ਼ੇ ਉਪਰ ਚੱਲ ਰਹੇ ਆਪਣੇ ਖੋਜ ਪ੍ਰੋਜੈਕਟ ਵਿਚ ਮੈਂ ਇਹਨਾਂ ਸਾਰੀਆਂ ਗੱਲਾਂ ਦਾ ਵਿਸਥਾਰ ਸਹਿਤ ਜ਼ਿਕਰ ਕੀਤਾ ਹੈ। ਆਸ ਹੈ ਕਿ ਜਲਦੀ ਹੀ ਇਹ ਖੋਜ-ਕਾਰਜ ਪੁਸਤਕ ਰੂਪ ਵਿਚ ਪ੍ਰਕਾਸ਼ਤ ਹੋ ਕੇ ਸਾਹਮਣੇ ਆਵੇਗਾ। ਖ਼ੈਰ ! ਡਾ. ਸਾਹਿਬ ਨੇ ਆਪਣਾ ਸ਼ੁਰੂਆਤੀ ਅਕਾਦਮਿਕ-ਸਫ਼ਰ,


**ਅਧਿਐਨ ਅਤੇ ਅਧਿਆਪਨ, ਮੁੱਲ ਤੇ ਮੁਲੰਕਣ** ਸਮੀਖਿਆ-ਪੁਸਤਕਾਂ ਨਾਲ਼ ਆਰੰਭ ਕੀਤਾ। ਮਗਰੋਂ **ਰਚਨਾ ਸੰਰਚਨਾ, ਸਾਹਿਤ ਸ਼ਾਸਤਰ, ਪਾਰਗਾਮੀ, ਸਾਹਿਤ ਵਿਗਿਆਨ, ਸਾਹਿਤ ਅਧਿਐਨ, ਪਤਰਾਂਜਲੀ, ਇਕ ਖ਼ਤ ਤੇਰੇ ਨਾਂ, ਰੂਪਕੀ** ਆਦਿ ਸਮੀਖਿਆ-ਪੁਸਤਕਾਂ ਦੇ ਜ਼ਰੀਏ ਸਮਕਾਲੀ ਪੰਜਾਬੀ ਸਾਹਿਤ-ਸਮੀਖਿਆ ਨਾਲ਼ ਡੂੰਘਾ ਸੰਵਾਦ ਰਚਾਇਆ। ਆਧੁਨਿਕ ਪੰਜਾਬੀ ਕਵਿਤਾ ਦੇ ਖੇਤਰ ਵਿਚ ਵੀ ਉਹਨਾਂ ਕਈ ਪ੍ਰਯੋਗ ਕੀਤੇ ਅਤੇ ਪੰਜਾਬੀ ਕਵਿਤਾ ਨੂੰ ਆਧੁਨਿਕ-ਸੰਵੇਦਨਾ ਨਾਲ਼ ਜੋੜਣ ਦੇ ਕਈ ਉੱਦਮ ਕੀਤੇ। **ਲਾਸਾਂ, ਅਧਰੈਣੀ, ਨਾ ਧੁੱਪੇ ਨਾ ਛਾਵੇਂ, ਸੜਕ ਦੇ ਸਫ਼ੇ ਉੱਤੇ, ਮੱਥਾ ਦੀਵੇ ਵਾਲ਼ਾ, ਰੁੱਖ ਤੇ ਰਿਸ਼ੀ, ਅਲਵਿਦਾ ਤੋਂ ਪਹਿਲਾਂ** ਆਦਿ ਆਪਣੇ ਕਾਵਿ-ਸੰਗ੍ਰਿਹਾਂ ਦੀ ਮੱਦਦ ਨਾਲ਼, ਉਹਨਾਂ ਨੇ ਆਪਣੇ ਸਮਕਾਲੀ ਪੰਜਾਬੀ ਕਵੀਆਂ ਨਾਲ਼ ਤਿੱਖਾ ਸੰਵਾਦ ਵੀ ਰਚਾਇਆ ਅਤੇ ਪੰਜਾਬੀ ਕਵਿਤਾ ਵਿਚ ਆਈ ਖੜੋਤ ਦੀ ਸਥਿਤੀ ਨੂੰ ਬਾਖ਼ੂਬੀ ਤੋੜਿਆ ਵੀ। ਇਉਂ ਡਾ. ਹਰਿਭਜਨ ਸਿੰਘ ਹੁਰੀਂ, ਇਕ ਬਹੁ-ਸਨਮਾਨਤ ਕਵੀ, ਇਕ ਆਦਰਸ਼ ਅਧਿਆਪਕ ਅਤੇ ਇਕ ਪ੍ਰਤਿਭਾਵਾਨ ਸਾਹਿਤ-ਸਮੀਖਿਆਕਾਰ ਵਜੋਂ ਜਾਣੇ ਜਾਣ ਲੱਗੇ। **ਚੋਲਾ ਟਾਕੀਆਂ ਵਾਲ਼ਾ** ਆਪ ਦੀ ਇਕ ਵੱਖਰੇ ਮੁਹਾਂਦਰੇ ਵਾਲ਼ੀ ਸਵੈ-ਜੀਵਨੀ ਹੈ। **ਲੈਨਿਨ ਨੈਣ ਨਕਸ਼** ਆਪ ਦੀ ਇਕ ਚਰਚਿਤ ਅਨੁਵਾਦ-ਪੁਸਤਕ ਹੈ, ਜਿਸ ਉਪਰ ਆਪ ਨੂੰ 'ਸੋਵੀਅਤ ਲੈਂਡ ਨਹਿਰੂ ਐਵਾਰਡ' ਹਾਸਿਲ ਹੋਇਆ। ਇਸ ਐਵਾਰਡ ਵਿਚ ਉਦੋਂ ਦੇ ਸੋਵੀਅਤ ਦੇਸ਼ (USSR) ਦੀ ਸੈਰ ਵੀ ਸ਼ਾਮਿਲ ਸੀ। ਆਪਣੀ ਇਸ ਸੈਰ ਦੇ ਅਨੁਭਵਾਂ ਨੂੰ ਆਪ ਨੇ ਆਪਣੇ ਸਫ਼ਰਨਾਮੇ **ਨਿਰਭਉ ਨਿਰਵੈਰ** ਵਿਚ ਬਾਖ਼ੂਬੀ ਕਲਾਤਮਕ ਰੂਪਾਂਤਰਨ ਦਿੱਤਾ ਹੈ।

ਸੋ, ਜ਼ਾਹਿਰ ਹੈ ਕਿ ਡਾ. ਹਰਿਭਜਨ ਸਿੰਘ ਹੁਰਾਂ ਨੇ ਨਵੀਂ ਪੰਜਾਬੀ ਸਾਹਿਤ-ਆਲੋਚਨਾ ਅਤੇ ਆਧੁਨਿਕ ਪੰਜਾਬੀ ਕਵਿਤਾ ਉਪਰ ਆਪਣੇ ਨਿਵੇਕਲੇ ਹਸਤਾਖ਼ਰ ਅੰਕਿਤ ਕੀਤੇ ਹਨ। ਇਸ ਸਾਹਿਤਕ ਯੋਗਦਾਨ ਦੇ ਇਵਜ਼ ਵਿਚ ਆਪ ਨੂੰ ਕਈ ਖੇਤਰੀ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਐਵਾਰਡਾਂ ਨਾਲ਼ ਸਨਮਾਨਤ ਕੀਤਾ ਗਿਆ। ਕਰਤਾਰ ਸਿੰਘ ਧਾਲੀਵਾਲ ਐਵਾਰਡ, ਸਾਹਿਤ ਅਕਾਦੇਮੀ ਐਵਾਰਡ, ਭਾਸ਼ਾ ਵਿਭਾਗ, ਪੰਜਾਬ ਸਟੇਟ ਐਵਾਰਡ, ਬਿਰਲਾ ਫ਼ਾਊਂਡੇਸ਼ਨ ਦਾ ਸਰਸਵਤੀ ਐਵਾਰਡ ਅਤੇ ਕਬੀਰ ਐਵਾਰਡ ਫ਼ਾਰ ਪੋਇਟਰੀ ਆਦਿ ਇਹਨਾਂ ਵਿਚੋਂ ਕੁੱਝ ਕੁ ਵਰਣਨਯੋਗ ਐਵਾਰਡ ਹਨ। ਮਸਲਾ ਬੰਗਲਾ ਦੇਸ਼ ਦੀ ਤ੍ਰਾਸਦੀ ਦਾ ਹੋਵੇ ਜਾਂ ਅਜੋਕੇ ਪੰਜਾਬ ਸੰਕਟ ਦਾ ਅਤੇ ਜਾਂ ਫਿਰ ਸਮੁੱਚੀ ਮਾਨਵਤਾ ਦੇ ਦਰਪੇਸ਼ ਅੰਤਹੀਣ ਸਮੱਸਿਆਵਾਂ ਦਾ, ਡਾ. ਹਰਿਭਜਨ ਸਿੰਘ ਹੁਰਾਂ ਦੀ ਸ਼ਾਇਰੀ ਨਿਰੰਤਰ ਪ੍ਰਤਿਉਤਰ (Response) ਦੇਂਦੀ ਰਹੀ ਹੈ **ਤਾਰ ਤੁਪਕਾ** ਕਾਵਿ-ਨਾਟਕ ਇਸ ਵਿਚਾਰ ਦੀ ਪੁਸ਼ਟੀ ਲਈ ਵੱਡਾ ਪ੍ਰਮਾਣ ਹੈ।


*ਸਾਬਕਾ ਮੁਖੀ, ਪੰਜਾਬੀ ਵਿਭਾਗ
ਦਿੱਲੀ ਯੂਨੀਵਰਸਿਟੀ, ਦਿੱਲੀ - 7
ਮੋਬਾਈਲ ਨੰ. 9868773902
ਈ.ਮੇਲ: *singhdr.manjit@yahoo.in*


✧ ✧ ✧ ✧ ✧

## ਹਰਿਭਜਨ ਸਿੰਘ



ਪਰਬਤ, ਦਰਿਆ ਜਾਂ ਹਵਾ ਦੀ ਹਿੱਕ ਤੇ ਤੈਰਦਾ ਟਾਪੂ
ਕਮਰੇ 'ਚੋਂ ਬੁਹਾਰਿਆ ਜਾਂਦਾ ਹੈ ਤਾਂ ਸੜਕਾਂ 'ਤੇ ਲਿਖਿਆ ਜਾਂਦਾ ਹੈ
ਧੁੱਪ 'ਚ ਲਿਪਟਿਆ ਕਾਂਸੀ ਦਾ ਬੁੱਤ
ਜਿਸ ਲਈ ਕਪੜੇ ਮਖੌਟਾ ਨੇ ਜਿਸਮ ਪਾਣੀ 'ਤੇ ਲਕੀਰ

ਅੱਖਾਂ 'ਚ ਸੱਪ ਦੀ ਜੀਭ
ਮੱਥੇ 'ਚ ਨੇਜ਼ਾ— ਜਿਸ 'ਤੇ ਚਾਣਕ ਦੇ ਦਸਤਖ਼ਤ ਨੇ
ਉਰਵਸ਼ੀ ਦੀ ਤਸਵੀਰ

ਬੀਤੇ ਦੀ ਸੁਆਹ 'ਚੋਂ ਉਹਨੂੰ ਬਲੌਰ ਤਾਂ ਲੱਭਦੇ ਨੇ
ਪਰ ਖੁੱਤੀ ਨਹੀਂ ਦਿਸਦੀ

ਉਹਦੇ ਤਖ਼ਤਪੋਸ਼ ਦੇ ਪਾਵੇ ਲੋਹੇ ਦੇ ਨੇ ਕਿੱਲਾਂ ਦਾ ਸਿਰਹਾਣਾ—
ਪਰ ਫਿਰ ਵੀ ਉਹ ਸੁੱਖ-ਨੀਂਦੇ ਸੌਂਦਾ ਹੈ
ਪੁਰਾਣੀਆਂ ਤਸਵੀਰਾਂ ਉਹਨੇ ਫ਼ਰਿੱਜ 'ਚ ਰੱਖ ਦਿੱਤੀਆਂ ਨੇ
ਨਵੀਆਂ 'ਤੇ ਚਾਂਦੀ ਦੇ ਵਰਕ ਚੜ੍ਹਾ ਦਿੱਤੇ ਨੇ

ਬੁੱਢੀ ਜਾਦੂਗਰਨੀ ਦੇ ਘੱਗਰੇ ਦੀ ਛਾਂਵੇਂ ਬੈਠਾ
ਹੋਰਨਾਂ ਨੂੰ ਉਹਦੀਆਂ ਮੀਢੀਆਂ ਮੁੰਨਣ ਲਈ ਕਹਿੰਦਾ ਹੈ

ਉਹਨੇ ਨੀਰੋ ਦੀ ਬੰਸਰੀ ਖੋਹ ਲਈ ਹੈ
ਪਰ ਰੋਮ ਵਾਲਿਆਂ ਨੂੰ ਇਸਦਾ ਅਜੇ ਤਕ ਪਤਾ ਨਹੀਂ ਲੱਗਾ

ਉਹਦੇ ਸ਼ਬਦਾਂ 'ਚ ਪਾਰਾ ਹੈ
ਤੇ ਅਰਥਾਂ 'ਚ ਫ਼ਾਸਫ਼ੋਰਸ


ਉਹ ਜਿੱਥੇ ਹੁੰਦਾ ਹੈ ਉੱਥੇ ਬੈਠਦਾ ਨਹੀਂ
ਜਿੱਥੇ ਬੈਠਦਾ ਹੈ ਉੱਥੇ ਹੁੰਦਾ ਨਹੀਂ
ਉਹਦੇ ਗੋਲਕਤਾਰੇ 'ਚੋਂ ਕਈ ਅਵਾਰਾ ਮੁੰਡਿਆਂ ਨੇ
ਕੌਡੀਆਂ ਚੁਰਾਈਆਂ ਨੇ
ਪਰ ਉਹ ਇਤਰਾਜ਼ ਨਹੀਂ ਕਰਦਾ
ਸ਼ਾਇਦ ਇਵੇਂ ਹੀ ਕੋਈ ਚੰਗਾ ਆੜੀ ਬਣ ਜਾਏ

ਉਹ ਐਸੀ ਪਰਕਰਮਾ ਹੈ—
ਜਿਸ ਦੇ ਵਿਚਕਾਰੇ ਹਰਿਮੰਦਰ ਵੀ ਹੈ, ਕਾਫ਼ੀ ਹਾਊਸ ਵੀ

**- ਪੋਸਟ ਸਕ੍ਰਿਪਟ**

# ਅਸੀਂ, ਪਿਤਾ ਅਤੇ ਪਹਾੜ

❖ ਡਾ. ਮਦਨ ਗੋਪਾਲ ਸਿੰਘ




ਨਿੱਕੇ-ਨਿੱਕੇ ਬਾਲ ਅਸੀਂ, ਭਾਊ ਯੁਗਪਾਲ, ਮੈਂ ਅਤੇ ਮੈਥੋਂ ਨਿਕੜਾ ਵੀਰ ਪਿੰਟੂ ਪਿਤਾ ਦੇ ਨਾਲ-ਨਾਲ ਤੁਰੀ ਜਾਂਦੇ। ਵਿੰਗ ਵਲੇਵੀਆਂ ਸੜਕਾਂ ਤੇ ਹਰ ਮੋੜ ਤੇ ਨਜ਼ਾਰਾ ਬਣ ਜਾਂਦਾ। ਸਾਡੇ ਛੋਟੇ-ਛੋਟੇ ਪੈਰਾਂ ਵਿਚ ਤੇਜ਼ ਹਰਕਤ ਜਾਗਦੀ ਤੇ ਪਿਤਾ ਦੇ ਐਨ ਨਾਲ-ਨਾਲ ਤੁਰੀ ਜਾਣ ਦੀ ਬਾਲੜੀ ਰੀਝ ਵਿਚ ਸਭ ਕੁਝ ਵਿਸਰ ਜਾਂਦਾ। ਤੁਰੀ ਜਾਂਦਿਆਂ ਸੜਕ ’ਤੇ ਧੁੰਦ ਉਤਰ ਆਉਂਦੀ। ਧੁੰਦ ਵਿਚ ਪਿਤਾ ਅਗਾਂਹ ਵਧੀ ਜਾ ਰਿਹਾ ਹੁੰਦਾ। ਕੱਲਮਕੱਲਾ, ਸਾਲਮ, ਤਮਾਮ ਕਾਇਨਾਤ ਦਾ ਧੁਰਾ। ਆਲਾ-ਦੁਆਲਾ ਜਾਪਦਾ ਜਿਵੇਂ ਸੁਪਨਲੋਕ ਦੇ ਘੁੰਡ ’ਚੋਂ ਪ੍ਰਕਾਸ਼ ਹੋ ਰਿਹਾ ਸੰਸਾਰ ਹੈ ਜੋ ਪਿਤਾ ਨੇ ਹੀ ਤਾਂ ਘੜਿਆ ਹੈ ਸਾਡੇ ਲਈ। ਬੱਦਲ ਸਾਡੇ ਹੱਥਾਂ ਅਤੇ ਗੱਲ੍ਹਾਂ ਨੂੰ ਛੂਹ ਜਾਂਦੇ। ਗਿੱਲੀ-ਗਿੱਲੀ ਸੀਤ ਦਾ ਅਹਿਸਾਸ ਹੁੰਦਾ। ਅਸੀਂ ਝੱਟ ਪਿਤਾ ਦੇ ਨਿੱਘੇ-ਨਿੱਘੇ ਹੱਥ ਜਾ ਫੜਦੇ। ਪਿਤਾ ਦੇ ਹੱਥਾਂ ਦੀ ਹਰਾਰਤ ਸਾਨੂੰ ਰਤਾ ਵੀ ਹੈਰਾਨ ਨਾ ਕਰਦੀ।

ਤੇ ਫੇਰ ਧੁੱਪ ਨਿਕਲ ਆਉਂਦੀ, ਲੰਮ-ਸਲੰਮੇ ਚੀੜ ਤੇ ਦਿਆਰ ਪ੍ਰੇਤ ਲੋਕ ਤੋਂ ਨਿਕਲ ਕੇ ਮੁੜ ਰਿਸ਼ੀ ਲੋਕ ਵਿਚ ਪਰਤ ਆਉਂਦੇ। ਚਿਰਾਂ ਤੋਂ ਅਡੋਲ ਪਏ ਆਲਸੀ ਪੱਥਰ ਮਸਾਂ ਹੀ ਸਾਡੇ ਪੈਰਾਂ ਦੀ ਥਾਪ ਨਾਲ ਜਾਗਦੇ। ਏਸ ਨੀਮ ਉਨੀਂਦੇ ਜਗਤ ਨਾਲ ਪਿਤਾ ਨੇ ਹੀ ਸਾਡੀ ਦੋਸਤੀ ਕਰਵਾਈ ਸੀ। ਧੁੱਪੇ ਤੁਰੀ ਜਾਂਦੇ ਪਿਤਾ ਨੂੰ ਅਸੀਂ ਦੂਰੋਂ ਵੇਖਦੇ ਤੇ ਸਾਡੇ ਪੈਰ ਆਪਮੁਹਾਰੇ ਸ਼ੂਟ ਵੱਟੀ ਉਹਦੇ ਪਰਛਾਵੇਂ ਨੂੰ ਜਾ ਫੜਦੇ।

ਪੈਂਡਿਆ ਤੋਂ ਉੱਕਾ ਹੀ ਬੇਖਿਆਲ ਅਸੀਂ ਨਿੱਤ ਨਵੀਆਂ ਪਗਡੰਡੀਆਂ ਤੇ ਗੁੰਮ ਜਾਂਦੇ ਮਤੇ ਪਿਤਾ ਤੋਂ ਅੱਗੇ ਲੰਘ ਹੀ ਜਾਈਏ ਕਿਸੇ ਦਿਨ। ਪਿਤਾ ਸਾਨੂੰ ਵੇਖ ਨਿੰਮਾ ਮੁਸਕਰਾਉਂਦਾ। ਪਿੱਛੇ ਰਹਿ ਗਿਆ ਨਿਕੜਾ ਵੀਰ ਰੋਸੇ ਦੀ ਬਣਾਉਟੀ ਰੌਲੀ ਪਾਉਂਦਾ ਤੇ ਫੇਰ ਦੌੜ ਕੇ ਵਾਹ ਲਗਦਿਆਂ ਪਿਤਾ ਦੇ ਮੋਢਿਆਂ ਤੇ ਜਾ ਚੜ੍ਹਦਾ। ਬਾਦਸ਼ਾਹ ਸੀ ਉਹ ਨਿੱਕਾ ਜਿਹਾ ਜਿੰਦ-ਭਿੰਨਾ। ਰੱਬ ਨੂੰ ਵੀ ਉਹਦੀ ਵੰਗਾਰ ਚੰਗੀ-ਚੰਗੀ ਲੱਗਦੀ। ਪਿਤਾ ਸਾਡਾ ਤੁਰਿਆ ਜਾਂਦਾ ਆਪਣੀ ਲੋਰ ਵਿਚ। ਹੌਲੀ-ਹੌਲੀ ਗਾਉਂਦਾ, ਆਪਣੇ ਆਪ ਨਾਲ ਗੱਲਾਂ ਕਰੀ ਤੁਰਿਆ ਜਾ ਰਿਹਾ ਸੀ ਉਹ ਚਿਰਾਂ ਤੋਂ। ਕੋਈ ਤਾਂ ਸੀ ਉਹ ਗ਼ੈਰ-ਹਾਜ਼ਰ, ਅਦਿਖ ਸਾਮਾਈਨ— ਜਿਦ੍ਹੇ ਨਾਲ ਉਹਨੇ ਸੰਬੰਧ ਜੋੜਿਆ ਹੋਇਆ ਸੀ। ਸਾਲ-ਹਾ-ਸਾਲ, ਅਤੁੱਟ, ਕੁੱਲ ਆਲਮ ਤੋਂ ਬੇਪਰਵਾਹ। ਉਹਦੇ ਬੁੱਲ੍ਹ ਗੱਲ-ਬਾਤੀ ਅੰਦਾਜ਼ ਵਿਚ ਫਰਕਦੇ ਪਰ ਆਵਾਜ਼ ਤੋਂ ਕੋਰੇ ਰਹਿੰਦੇ। ਇਹ ਸਿਲਸਿਲਾ ਟੁੱਟ ਜਾਂਦਾ। ਕਿਸੇ ਤਿਲਿਸਮ ਵਾਂਗ। ਚਲਦਿਆਂ-ਚਲਦਿਆਂ ਉਹ ਅਚਾਨਕ ਖੜੋ ਜਾਂਦਾ। ਅਸੀਂ ਮੂੰਹ ਚੁੱਕ ਉਸ ਵੱਲ ਵੇਖਦੇ, ਫ਼ਖਰ ਨਾਲ। ਉਹਦਾ ਇਸ ਤਰ੍ਹਾਂ ਰੁਕਣਾ ਸਾਡੇ ਲਈ ਕਿਸੇ ਗ਼ੈਬੀ ਘਟਨਾ ਦੀ ਨਿਸ਼ਾਨਦੇਹੀ ਤੋਂ ਘੱਟ ਨਹੀਂ ਸੀ। ਵੱਡੇ-ਵੱਡੇ ਪਹਾੜਾਂ ਅਤੇ ਢਲਵੀਆਂ ਵਾਦੀਆਂ ਦੇ ਸਾਹਵੇਂ ਤੁਰਿਆ ਜਾਂਦਾ ਸਾਡਾ ਪਿਤਾ ਸਾਨੂੰ ਹਰ ਮੰਜ਼ਰ ਤੋਂ ਅਨੋਖਾ ਅਤੇ ਵਡੇਰਾ ਜਾਪਦਾ।

ਪਿੱਛੇ-ਪਿੱਛੇ ਤੁਰੀ ਆਉਂਦੀ ਸਾਡੀ ਮਾਂ, ਆਪਣੀਆਂ ਨਜ਼ਰਾਂ ਨਾਲ ਹੱਥੋਂ ਨਿਕਲ ਗਏ ਬੱਚਿਆਂ ਨੂੰ ਜਿਵੇਂ ਸਾਂਭਣ ਦਾ ਨਾਕਾਮ ਜਤਨ ਕਰਦੀ। ਉਹਦੀ ਨਿਗ੍ਹਾ ਸਾਡੇ ਮਗਰ-ਮਗਰ ਬੋਲਦੀ ਤੁਰੀ ਆਉਂਦੀ ਪਰ ਸਾਨੂੰ ਸੁਣਦੀ ਨਾ।

ਜੰਗਲ ਦੀ ਐਨ ਧੁੰਨੀ ਵਿਚ ਘਰ ਧਰਿਆ ਸੀ ਸਾਡੇ ਪਿਤਾ ਨੇ। ਥੱਲੇ ਪਿੰਡ ਸੀ ਤੇ ਫੇਰ ਥੱਲੇ ਮੱਕੀ ਦੇ ਖੇਤ ਜਿੱਥੇ ਧਾੜਵੀ ਰਿੱਛ ਰਹਿ-ਰਹਿ ਕੇ ਰਾਤੇ ਬਰਾਤੇ ਹੱਲਾ ਬੋਲਦੇ। ਖੇਤਾਂ ਦੇ ਦੂਜੇ ਪਾਸੇ ਪਿੰਡ ਦੀ ਸਾਂਝੀ ਬਾਉਲੀ ਸੀ। ਕਿਸੇ ਅਮੀਰ ਰਸੀਏ ਦੀ ਦਾਤ ਸੀ ਇਹ ਲੁਹਾਲੀ ਦੇ ਲੋਕਾਂ ਨੂੰ। ਲੁਹਾਲੀ ਨਾਂ ਦਾ ਪਿੰਡ ਡਲਹੌਜ਼ੀ ਵਿਚ ਪੈਂਦਾ ਹੈ। ਬਾਉਲੀ ਦੇ ਨਾਲ-ਨਾਲ ਇਕ ਨਿੱਕਾ ਸ਼ਿਵਾਲਾ ਸੀ। ਸ਼ਿਵਾਲੇ ਵਿੱਚ ਹਰ ਵੇਲੇ ਕੋਈ ਨਾ ਕੋਈ ਮਹਾਂਦੇਵ ਦਾ ਜਟਾਜੂਟ ਮੁਰੀਦ ਆਪਣੀ ਚਿਲਮ ਦੇ ਧੂੰਏ ਉਹਲੇ ਲਾਲ-ਲਾਲ ਅੱਖਾਂ ਥਾਈਂ ਦੁਨਿਆਵੀ ਛਲਾਵਿਆਂ ਨੂੰ ਜਿਵੇਂ ‘ਬੰਮ-ਬੰਮ ਭੋਲੇ’ ਦੇ ਵਾਜੇ ਮਾਰ-ਮਾਰ ਦੂਰ ਭਜਾਉਂਦਾ ਹੋਵੇ।

ਸਵੇਰ ਸਾਰ ਬਾਉਲੀ ਤੇ ਨਹਾਉਣ ਲਈ ਸਾਡਾ ਪਿਤਾ ਪਰਨਾਂ ਤੇ ਕਛਹਿਰਾ ਮੋਢੇ ਧਰੀ ਖੱਡ ਦੀਆਂ ਪਗਡੰਡੀਆਂ ਤੇ ਉਤਰ ਜਾਂਦਾ ਤੇ ਅਸੀਂ ਚੁੱਪ-ਚੁਪੀਤੇ ਉਹਦੇ ਮਗਰ ਹੋ ਤੁਰਦੇ। ਪੌੜ-ਪੈਲੀਆ ਤੋਂ ਹੇਠਾਂ ਉਤਰਦਿਆਂ ਸਾਨੂੰ ਬੱਚਿਆਂ ਨੂੰ ਜਾਪਦਾ ਜਿਵੇਂ ਮਗਰ ਰਹਿ ਗਿਆ ਸੰਸਾਰ ਵਿਸਰਦਾ ਜਾ ਰਿਹਾ ਹੋਵੇ। ਬਾਉਲੀ ਬਹੁਤ ਪੁਰਾਣੇ ਸਮਿਆਂ ਦੀ ਨਿਸ਼ਾਨਦੇਹੀ ਕਰਦੀ ਪ੍ਰਤੀਤ ਹੁੰਦੀ ਸੀ। ਇਕ ਛਤਰ ਵਾਲੀ ਛੱਤ ਥੱਲੇ ਪਾਣੀ ਦਾ ਚੁਬੱਚਾ। ਚੁਬੱਚੇ ਵਿਚ ਵਗਦਾ ਸਾਫ਼-ਸਾਫ਼ ਪਾਣੀ। ਪਾਣੀ ਦੁਆਲੇ ਪੱਬਾਂ ਭਾਰ ਬੈਠੀਆਂ ਲੀੜੇ ਧੋਂਦੀਆਂ ਪੰਡਤਾਣੀਆਂ ਤੇ ਮਹਾਜਨਾਂ। ਟਾਂਵਾਂ-ਟਾਂਵਾਂ ਕੋਈ ਰੱਬ ਦੀ ਰੱਖਿਆ ਲੰਘ ਗਈ ਰਾਤ ਦੇ ਨਸ਼ੇ ਤੋਂ ਉੱਭਰ ਰਿਹਾ ਮਨੁੱਖ।

ਪਿਤਾ ਮਗਰ ਤੁਰਦੇ-ਤੁਰਦੇ ਅਸੀਂ ਕਿਸੇ ਤਿਲਿਸਮੀ ਸੰਸਾਰ ’ਚ ਜਾ ਅਪੜਦੇ ਸਾਂ। ਦੁਨਿਆਵੀ ਆਵਾਜ਼ ਬਹੁਤ ਘੱਟ ਤੇ ਉਹ ਵੀ ਠਹਿਰ-ਠਹਿਰ ਕੇ, ਛਣ-ਛਣ ਕੇ ਆਉਂਦੀ। ਸਮੇਂ ਦਾ ਚਲਨ ਕੁਝ ਹੋਰ ਦਾ ਹੋਰ ਹੋ ਜਾਂਦਾ। ਨਿੰਮੀ-ਨਿੰਮੀ ਧੁੱਪੇ ਬੈਠਿਆਂ ਚਾਣਚੱਕ ਸੀਤਲ ਵ੍ਹਾ ਦਾ ਵਗਣਾ ਅਚੰਭਤ ਕਰ ਜਾਂਦਾ। ਕਿਸੇ ਅਜਿਹੀ ਥਾਂ ਹੀ ਰੰਝੇਟੇ ਨੇ ਅਪਣੀ ਰਾਸ ਰਚਾਈ ਹੋਏਗੀ। ਬਾਉਲੀ ਦੇ ਬਾਹਰ ਬੈਠਾ ਸਾਡਾ ਪਿਤਾ, ਹੱਥ ਵਿਚ ਕਾਗ਼ਜ਼ ਤੇ ਕਲਮ ਲੈ ਕਿੰਨਾ-ਕਿੰਨਾ ਚਿਰ ਦੂਰ ਪਰਬਤਾਂ ਨੂੰ ਵੇਖਦਾ ਰਹਿੰਦਾ। ਉਹਦੀ ਨਜ਼ਰ ਤੋਂ ਜਾਪਦਾ ਵੇਖਣ ਤੋਂ ਵੱਧ ਜਿਵੇਂ ਕੁਝ ਸੁਣ ਰਿਹਾ ਹੈ। ਉਸ ਮੁਕਾਮ ਤੇ ਉਹਦੀ ਪਿੱਠ ਉਹਲੇ ਅਸੀਂ ਬਿਨ ਬੁਲਾਏ ਬਾਲ, ਥੋੜ੍ਹੇ-ਥੋੜ੍ਹੇ ਸ਼ਰਮਸਾਰ ਹੁੰਦੇ ਤੇ ਫੇਰ ਝਟ ਹੀ ਜੰਗਲ ਦੀਆਂ ਢਲਾਨਾਂ ਤੇ ਬਾਹਵਾਂ ਖੋਲ ਕੇ ਉਡਣ-ਦੌੜ ਲਾਉਂਦੇ ਉਡਦੇ-ਉਡਦੇ ਦਯਾਰ ਦੇ ਲੰਮੇ-ਲੰਮੇ ਦਰੱਖ਼ਤਾਂ ਉਹਲੇ ਗੁੰਮ ਜਾਂਦੇ। ਫੇਰ ਨਿਕਲ ਕੇ ਫੇਰ ਗੁੰਮ ਜਾਂਦੇ ਤੇ ਫੇਰ ਯਕਦਮ ਜੰਗਲ ਹਵਾ ਨਾਲ ਭਰ ਜਾਂਦਾ। ਜੰਗਲ ’ਚ ਹਵਾ ਦੇ ਬੋਲ ਜਾਗਦੇ। ਦਯਾਰ ਦੇ ਬਿਰਛਾਂ ਤੋਂ ਨੁਕੀਲੀਆਂ ਪੱਤੀਆਂ ਦੇ ਛਿਲਤਰ ਝੜਦੇ। ਢਲਾਨਾਂ ਤਿਲਕਵੀਆਂ ਹੋ ਜਾਂਦੀਆਂ। ਹਵਾ ਦੀ ਵਾਜ ਰਹਿ-ਰਹਿ ਕੇ ਉਠਦੀ, ਜਾਪਦਾ ਜਿਵੇਂ ਪਿਤਾ ਵਰਗਾ ਕੋਈ ਆਦਿ ਪੁਰਖ ਸਾਨੂੰ ਵਾਜ ਮਾਰ ਰਿਹਾ ਹੋਵੇ।

ਘਰ ਪਹੁੰਚਣ ਲਈ ਪਹਾੜ ਦੀ ਖੱਡ 'ਚੋਂ ਉਤਰਨਾ ਪੈਂਦਾ। ਉੱਪਰ ਥੱਲੇ ਆਉਂਦਿਆਂ-ਜਾਂਦਿਆਂ ਮਾਂ ਦੇ ਪੈਰਾਂ 'ਚ ਖੱਲੀਆਂ ਪੈ ਜਾਂਦੀਆਂ। ਅਸੀਂ ਬੱਚੇ ਜਾਪਦਾ ਜਿਵੇਂ ਕਿਸੇ ਸੁਪਨਲੋਕ ਵਿਚ ਵਿਚਰਦੇ ਵਿਸ਼ਾਲ ਕੁਦਰਤ ਦੀ ਕੁੱਖ ਵਿਚ ਹਰ ਪਲ ਨਵੀਆਂ ਚੀਜ਼ਾਂ ਭਾਲ ਲੈਂਦੇ। ਪਿਤਾ ਤੇਜ਼ ਕਦਮ ਤੁਰਦਾ-ਗਾਉਂਦਾ, ਬੋਲਦਾ, ਰੁਕਦਾ, ਮੁਸਕਰਾਉਂਦਾ, ਉਹਦੀ ਤੋਰ ਵਿਚ ਥਕੇਵੇਂ ਲਈ ਕਦੀ ਵੀ ਕੋਈ ਥਾਂ ਨਹੀਂ ਸੀ।

ਜੰਗਲ ਦੀ ਧੁੰਨੀ ਵਿਚ ਉਸਰੇ ਸਾਡੇ ਘਰੀਂ ਅੱਧ ਚਾਨਣੀ ਰਾਤੇ ਕੋਈ ਜਨੌਰ ਬੂਹੀਂ ਆਣ ਅਪੜਦਾ ਤੇ ਕਿੰਨੀ-ਕਿੰਨੀ ਦੇਰ ਅਪਣੇ ਨਹੁੰਆਂ ਨਾਲ ਲੱਕੜ ਦੇ ਦਰਵਾਜ਼ੇ ਖੁਰਚਦਾ ਰਹਿੰਦਾ। ਡੂੰਘੀ ਨੀਂਦੇ ਪਏ ਸਾਨੂੰ ਬੱਚਿਆਂ ਨੂੰ ਕੁਝ-ਕੁਝ ਸੁਣਦਾ। ਭਾਊ ਯੁਗਪਾਲ ਦੀ ਕਦੀ-ਕਦਾਈਂ ਅੱਖ ਖੁੱਲ੍ਹ ਜਾਂਦੀ ਤਾਂ ਉਹਨੂੰ ਕੋਈ ਚਿਟ ਕਪੜੀ ਔਰਤ ਮੇਰੇ ਸਿਰਹਾਣੇ ਬੈਠੀ ਦੀਂਹਦੀ ਤਾਂ ਉਹ ਡਰ ਨਾਲ ਘੁੰਨਵੱਟਾ ਹੋ ਜਾਂਦਾ। ਮੂੰਹ 'ਚ ਆਵਾਜ਼ ਨਾ ਪੈਂਦੀ ਤੇ ਰਾਤ ਲੰਘ ਜਾਂਦੀ।


ਅਸੀਂ ਦਿਨ ਚੜ੍ਹਿਆਂ ਮਾਂ ਨੂੰ ਗਵਾਂਢਣ ਨਾਲ ਗੱਲਾਂ ਕਰਦੇ ਸੁਣਕੇ ਕਿ ਰਾਤ ਕਿਵੇਂ ਵਾਹਿਗੁਰੂ-ਵਾਹਿਗੁਰੂ ਕਰਦਿਆਂ ਲੰਘਾਈ। ਕਿੱਦਾਂ ਉਹਨੇ ਪਿਤਾ ਨੂੰ ਦਰਵਾਜ਼ੇ ਦੇ ਕੋਲ ਜਾਣੋਂ ਵਰਜਿਆ ਤੇ ਫੇਰ ਗਵਾਂਢਣ ਵੀ ਜਨੌਰ ਦੀ ਪੈੜ ਸੁਣਨ ਦੀ ਤਾਈਦ ਕਰਦੀ। ਵੱਡੇ-ਵੱਡੇ ਦਾੜ੍ਹੀਆਂ ਵਾਲੇ ਬੱਕਰੇ ਖ਼ਤਰਨਾਕ ਟੀਸੀਆਂ ਤੇ ਆਣ ਟਿਕਦੇ ਮਤਾਂ ਰਾਤ ਦੀ ਘਟਨਾ ਤੋਂ ਵਾਂਜੇ ਰਹਿ ਜਾਣ। ਲੰਬਰਦਾਰਨੀ ਅਗਲੇ ਦਿਨ ਆ ਕੇ ਛਲੇਡਿਆਂ ਦਾ ਕਿੱਸਾ ਛੇੜਦੀ ਤੇ ਅਸੀਂ ਡਰ ਨਾਲ ਸੀਤ ਹੋ ਜਾਂਦੇ। ਦੂਰ ਮੇਜ਼ ਤੇ ਬੈਠਾ ਲਿਖਾਰੀ ਪਿਤਾ ਗਰਦਨ ਭੁਆਂ ਕੇ ਸਾਡੇ ਵੱਲ ਵੇਖ-ਵੇਖ ਮੁਸਕਰਾਉਂਦਾ।

ਅੱਧੀ ਰਾਤੀ ਸਾਡੇ ਪਿੰਡ, ਲੁਹਾਲੀ, ਛਲੇਡਿਆਂ ਦੀ ਰਾਸ ਸੁਣੀਦੀ ਸੀ, ਭਾਵੇਂ ਕਿਸੇ ਵੇਖੀ ਤਾਂ ਨਹੀਂ ਸੀ। ਵੇਖਣ ਵਾਲੇ ਕਹਿੰਦੇ ਸਨ ਕਿ ਸਿਰ ਭੌਂ ਜਾਂਦਾ ਸੀ ਤੇ ਫੇਰ ਕਦੇ ਵਾਪਸ ਨਹੀਂ ਸੀ ਮੁੜਦਾ ਅਪਣੀ ਜਗ੍ਹਾ। ਛਲੇਡਾ ਰੂਪ ਬਦਲ-ਬਦਲ ਕੇ ਆਉਂਦਾ ਕਦੇ ਬੰਦਾ ਬਣ, ਕਦੇ ਬਾਂਦਰ, ਕਦੇ ਟਾਹਣੀ, ਕਦੇ ਪੱਥਰ, ਕਦੇ ਪਾਣੀ, ਕਦੇ ਸਿਰਫ਼ ਬੱਦਲਾਂ ਦੀ ਝੁੰਬ। ਪਿਤਾ ਇਸ ਸਭ ਤੋਂ ਬੇਪਰਵਾਹ ਆਦਿ ਅਨੰਤ ਦੀ ਦਹਿਲੀਜ਼ ਤੇ ਖੜ੍ਹਾ ਜਾਪਦਾ। ਪਹਾੜਾਂ ਦੀਆਂ ਠੰਢੀਆਂ ਛਾਵਾਂ 'ਚ ਆਪਣੇ ਪਿਤਾ ਦੀ ਨਜ਼ਰ ਹੇਠ ਵਿਚਰਦੇ ਸਾਨੂੰ ਜਾਪਦਾ ਕਿ ਸਮਾਂ ਏਦਾਂ ਹੀ ਥਿਰ ਰਹੇਗਾ ਤੇ ਸਾਨੂੰ ਕੁਝ ਨਹੀਂ ਹੋਵੇਗਾ, ਅਸੀਂ ਕਦੀ ਨਹੀਂ ਮਰਾਂਗੇ।

ਰਾਤ ਦਾ ਸਿਹਰ, ਜੰਗਲਾਂ ਦਾ ਬੇਖ਼ੌਫ਼ ਮੋਹ, ਉੱਚੇ-ਉੱਚੇ ਪਹਾੜਾਂ ਦੇ ਓਸ ਪਾਰ ਜਾਣ ਦੀ ਤਾਂਘ, ਜੰਗਲ ਅੰਦਰ ਅਚਨਚੇਤ ਉੱਠਦੀ ਹੋਈ ਹਵਾ ਗਾਉਂਦੀ ਹੋਈ, ਘਰਾਂ ਅੰਦਰ ਵੜੀ ਆਉਂਦੀ ਧੁੰਦ, ਟੀਨ ਦੀਆਂ ਛੱਤਾਂ 'ਤੇ ਨੱਚ-ਨੱਚ ਵਰ੍ਹਦੀ ਬਾਰਸ਼, ਦੇਰ ਰਾਤ ਤੱਕ ਪਿਤਾ ਦੁਆਲੇ ਵੱਡੇ ਪਲੰਘ 'ਚ ਨਿੱਘ ਮਾਣਦਾ, ਬਾਤਾਂ ਪਾਉਂਦਾ, ਨਿੱਕੇ-ਨਿੱਕੇ ਗੀਤ ਗਾਉਂਦਾ ਸਾਡਾ ਛੋਟਾ ਜਿਹਾ ਕੁਨਬਾ। ਇਹ ਸਭ ਸਾਡੀ ਮੁੱਢਲੀ ਤਾਲੀਮ ਦਾ ਅਨੁਭਵੀ ਘੇਰਾ ਸੀ। ਗਰਮੀ ਦੀਆਂ ਛੁੱਟੀਆਂ 'ਚ ਅਸੀਂ ਪਿਤਾ ਦੇ ਨੇੜੇ-ਨੇੜੇ ਹੋ ਜਾਂਦੇ। ਤੇ ਫੇਰ ਇਕ ਦਿਨ ਗਰਮੀ ਦੀਆਂ ਛੁੱਟੀਆਂ ਬੀਤ ਜਾਂਦੀਆਂ ਅਤੇ ਉਦਾਸੀ ਦਾ ਇਕ ਨਵਾਂ ਸਫ਼ਰ ਸ਼ੁਰੂ ਹੁੰਦਾ।

✧ ✧ ✧ ✧ ✧

## ਇਸ ਦੁਨੀਆ ਨੂੰ ਕੀ ਹੋਇਆ ਏ?



ਡਾ. ਹਰਿਭਜਨ ਸਿੰਘ ਦੀ ਇਕ ਹੱਥ-ਲਿਖਤ ਕਵਿਤਾ

# Harbhajan Singh: A Poet of Mythic Reality

❖ **Dr. Indra Nath Choudhuri**

As I remember Dr. Harbhajan Singh the only image which comes to my mind is that of a Vedic Rishi, who instead of sitting under a tree in a sylvan atmosphere, sat outside the canteen of Delhi School of Economics under the shade of a tree with his cup of coffee and we the disciples-students of M.A., or just joined lectureship in a college-heard from him spellbound the explanation of difficult issues of Western literary theory and learnt all about Western Poetics which helped me to teach the subject in the University. Scholars call him the topmost Punjabi poet. On the contrary I call him of the topmost Indian poet who wrote in Punjabi. His help in my growth as a scholar is incalculable.



**Dr. Harbhajan Singh in a lighter mood with his eminent contemporaries- Ms. Krishna Sobti, Mrs. Padma Sachdeva & Dr. I.N. Choudhuri**

One of his sons Priyadarshan Singh, who was working in a Bank and purchased costly foreign published books on Western Literary Criticism such as historical and biographical criticism, New Criticism, formalism, Russian formalism, and structuralism, gap between imaginative feminism, post-colonialism, new historicism, deconstruction, reader-response criticism, etc. for his father to read. Dr. Sahib had a sharp memory and that he could easily pick up the gist of the book very fast and discuss those points with us as the Guru of all of us.

He was born at Lumding, Assam on 18 August, 1920 to Ganga Dei and Ganda Singh. The family later moved to Lahore where they bought two houses in Gawalmandi. His father died before he was one-year-old. Then his mother and two sisters also died when he was four, leaving him, without a direct family, as an orphan. He was brought up by his mother's younger sister who lived in Ichhra, Lahore. He was educated in the local DAV School and was a top student from a very early age. In his educational ventures, he was among the top three in Punjab but had to stop his studies for lack of money. He took up odd jobs as a sales-boy at a Homeopathic Chemist Shop in Lahore, as a lower-division clerk with the Government of India in New Delhi and then as an Assistant Librarian in Khalsa School, New Delhi. Dr. Harbhajan Singh completed his higher education without going to College. He had two degrees Master in English and Hindi Literature, both from the University of Delhi. His Ph.D. thesis discussed Hindi poetry in the Gurmukhi script.

Along with Amrita Pritam, Harbhajan is credited with revolutionising the Punjabi poetry writing style. He published 18 collections of poems, including *Registan Vich Lakarhara* and *Rukh Te Rishi*, 19 works of literary history and translated 14 pieces of literature of others including those of Aristotle, Sophocles, Rabindranath Tagore and selections from the Rig Veda.

His autography is entitled, Chola Takiyan Wala, the long robe would not be of just one colour but with patches of cloth of different colours stitched in such a way that the robe would give a multicolour effect. Dervesh, fakir or baul of India would wear this kind of robe and move around singing of the eternal man who stayed inside one's heart.

He lived under the sky of this earth but in fact lived under another sky and on another earth.

This distance between the two-earth kept on giving a deep and powerful meaning to his poetry. This gap between the imagined subject matter and the created subject matter turns reality into mythic. In the poetry of Harbhajan Singh, we confront this mythic truth which is definitely more powerful than the apparent reality of this world and which reveals the inner meaning of the words. Dr. Sahib says, "In my opinion my poetry is constantly given statements by standing in the court of my conscience."

ਅੰਦਰੋਂ ਕੋਈ ਵੇਖ ਰਿਹਾ ਹੈ

**Andron koyi vekh riha hai**

(somebody is watching me from inside)

Same was the question for Tagore:

"There is a looker-on who sits behind my eyes." It seems he had seen things in ages and worlds beyond memory's shore.

Harbhajan Singh had tremendous attraction towards mythic reality which remained beyond memory. He always said, "In my originality there is a lot which is ancient and that I received via my family from culture". "The incidents which are lost made me immensely rich with mythic truth".

While using these metaphors, symbols and myth of the primal man, Dr. Harbhajan Singh used the archetypes which lay hidden in them and accordingly his poetry is directed to such facets of life which are lost or have become old. He calls them mythic truth and hence there is quite a lot of influence of folk songs and mythology in his poetry. And the metaphor of his absent mother always remains present in his poetry, who looks like a point and then slowly becomes a line and then spreads all over pervading his poetry. It is a radical metaphor for him – embracing the whole universe.

Mother gave him music, rhythm and melody, made him acquainted with the 'vani' of the Gurus and the folk-belief and all of that leisurely entered in his life.

And hence the sihari (hooked curved line before the letter) in his name Haribhajan was like the blessing of his father and similarly the sihari of Harimandir (Harmandir) connected him with Guru Granth Sahib. The folk songs of Nagas, the music and dance of Bihu of Assam and Guruvani. Cumulate effects of all these three brought spontaneity of folk songs in his poetry. According to Harbhajan Singh, truth and purity are parts of spontaneity. Even virtue or morality is a part of spontaneity or simplicity. His powerful statement is that without truth and morality the spontaneity of poetry is not the real spontaneity. Bihu dance gave him rhythm and rhythm became the main identity of his poetry.

"Rhythm comes first and afterwards comes poetry", says Harbhajan Singh.

Guruvani, which his mother used to sing, entered in the unconscious mind of the boy of four years before he lost his mother and the folk songs endowed Harbhajan with music.

Harbhajan's theory of poetry strongly establishes that before meaning the poetry should have wings of music to fly upward in the sky which prompts the poet also to fly upwards in the sky. His earthy body may remain lying in the earth and his free soul (*atma*) may take a flight soaring up with the wind.

The musical flight of the soul is poetry, says Dr. Harbhajan Singh. Similarly, while defining modernity in his own terms, Tagore had no hesitation to declare in Beijing in 1924 that 'The impertinence of material things is extremely old'. The revelation of spirit in man is modern. 'I am in its side, I am modern'. Harbhajan Singh had the courage to say all these things particularly when the Punjabi Literary World was under the control of Marxist group headed by Sant Singh Sekhon. During the leadership of Sekhon Sohan Singh, Bawa Balwant, Pritam Singh Safir, Shiv Kumar Batalvi were writing poetry of Social Realism or Progressivism. On the contrary, Amrita Pritam was more tuned to Indian brand of Romanticism. Avant Garde poetry was in fashion because of the Western influence. With a new meaning of literary modernity Harbhajan Singh created a commotion in Punjabi Poetic World. He said, "In the sorrowful evening the bird finds his dwelling".

And again said –

The Connoisseur of truth and beauty is nothing but resoluteness of the mind. It is concentration of the soul or *atma*. It has no connection with many sided realities. The loneliness is utterly unaccompanied space of the earth in which grows the plant of the poetry of Harbhajan Singh. That was enough to create a panic and uproar in world of Punjabi poetry. Somebody said, he believes in aesthetic beauty and others, he has no concern with reality of life, ironically said, his poetry is mystical.

Harbhajan Singh without caring a bit about criticism said,

*"A portion of poetry is always full of mystery." and further "As the reality of today is quite close to us and hence it does not come in focus."*

*"One can realize the truth intuitively by creating an aesthetic distance."*

*"To comprehend this truth, one should enter into samadhi or meditation and for meditation one needs to have complete silence."*

*Distance and silence are not only essential ingredient of his poetry but principle of his life.*

Dr. Sahib uses these words constantly in his poetry: loneliness, unfamiliarity, non-attachment, unattached to worldly love.

For example:

*"My silence is more than needed unattachment to worldly love."*

*"Meditation or samadhi is also more than needed indifference or detachment from this world."*

*"My quietness gives me concentration for writing poetry."*

Or otherwise *"In my relationship the spirit of alienation was always present."*

Connoisseurs did not take time to realize that not only in the Punjabi Literary World but in Indian Literature after 1950 a prodigious poet had arrived whose poetry's biggest quality was that poetry was not in the meaning of the word but in the perceptive experience produced by those words.

Pain of unfortunate developments of 1984 is best described in Harbhajan Singh's poem-

| | |
|---|---|
| ਹਰਿਮੰਦਿਰ ਵਲ ਤੁਰਦੀ ਜਾਵਾਂ | **Harmandir wal turdi javan** |
| ਜੀ ਵਿਚ ਸਹਿਸਾ ਭਾਰਾ | **Jee vich sehsa bhara** |
| ਹਿੰਦੂ ਪੇਕੇ ਮੇਰੇ ਸਿੱਖ ਸਾਹੁਰੇ | **Hindu peke mere sikh sahure** |
| ਮੇਰਾ ਕਿੱਥੇ ਸ਼ੁਮਾਰਾ | **Mera kitthe shumara** |
| ਤੈਂ ਦਰ ਛੱਡ ਕੇ ਮੈਂ ਕੈਂ | **Tain dar chad ke main kain** |
| ਦਰ ਜਾਵਾਂ ਕੌਣ ਕਰੇ ਨਿਸਤਾਰਾ | **dar javan kaun kare nistara.** |

That lady is in doubt as to where she should sit as her parents were Hindu and in-laws Sikh because of communal politics of Punjab. After going through the poem, she turns for the reader into an image and a different type of experience engulfs us – an unexplainable pain. Dr. Harbhajan Singh says that one needs to move through agony and anguish to realise the purity of the *shabad*.

More than that while reading a poem if the poem becomes vivid in your imagery, if you can see the woman moving fast with lots of questions in her move towards Harmandir Sahib, in your imagery, you can be sure that it is a great poem.

In his last book of poetry *Rukh Te Rishi* for which Harbhajan Singh was given the Sarasvati Award, he says, "there is a wound in every Rishi's past" and "knowledge is the exposition of some pain."

In a book of poetry, *Gitanjali*, Tagore says, if you don' get agony and pain in life, how it is going to finish from your life.

The problematics of the poem is the hollowness or crevice which one can find in the mind of people. Dr Harbhajan Singh's main concern or context is this hollowness and crevice of minds of people. If one becomes a tree which is always selfless, this selflessness removes all kind of crevices and chinks from one's life. The shade and coolness of the tree is the absolute knowledge. This is involuntarily acquired by the poet.

Dr. Harbhajan Singh presents this absolute knowledge orally in the language of the tree:

i) Don't leave your shadow while going out of the house.
ii) Don't ask a person to get up or move away who is sitting under the shade of a tree.
iii) Life is like the experience of passing away through many phases of bloodsheds. It is like the feeling of wound felt at every moment.
iv) Whenever you leave the house keep an earthen lamp burning in an inside closet of the house. A guest may be needing it at any time in your absence.
v) When you won't remain in this world even then leave behind your faith and love with the ability to thrive.

This is absolute knowledge – *Rukh Te Rishi* gives all information about the above knowledge.

And then

i) We become sentient concerning the beauty of nature.
ii) Like a curved shape arch of a mosque the pleasant memories which are extended in the sky coax our memories.
iii) Sometime like a rainbow or otherwise like the flying of a bird freely on the sky or
iv) Like the reflection of the sun on the water of a river that transports uncountable colour images in the flowing water or
v) Like the glow of an earthen lamp burning on the parapet of the roof or
vi) Like the remembrance of the red colour derived from cochineal insects (*veer bahuti*)

All these pleasant memories pervade in the poetry of Dr. Harbhajan Singh.

This poetry is not poetry of reflection by J. S. Rahi nor post-modernist poetry of S. S. Noor. It is total poetry in the language of Harbhajan Singh where poet and his poetry complement each other and the poet does not speak. Poetry comes in face-to-face with the reader and the reader relishes the experience of an emotion which arises out from the poetic words.

*Former Secretary, Sahitya Akademi, New Delhi

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਨਿਸਚੈ ਕਰ ਆਪਨੀ ਜੀਤ ਕਰੋਂ॥

## ਕੈਪਟਨ ਹਰਕੀਰਤ ਸਿੰਘ ਦੀ ਅਗਵਾਈ ਹੇਠ ਰਾਫ਼ਾਲ ਲੜਾਕੂ ਜਹਾਜ਼ਾਂ ਦਾ ਭਾਰਤੀ ਬੇੜੇ ਵਿਚ ਸ਼ਾਮਿਲ ਹੋਣਾ





17 ਗੋਲਡਨ ਐਰੋ ਸਕੁਐਡਰਨ ਦੇ ਕਮਾਂਡਿੰਗ ਅਫ਼ਸਰ ਗਰੁੱਪ ਕੈਪਟਨ ਹਰਕੀਰਤ ਸਿੰਘ ਦੀ ਅਗਵਾਈ ਹੇਠ ਫ਼ਰਾਂਸ ਤੋਂ ਖ਼ਰੀਦੇ ਗਏ ਰਾਫ਼ਾਲ ਲੜਾਕੂ ਜਹਾਜ਼ ਭਾਰਤੀ ਫ਼ੌਜ ਦੇ ਬੇੜੇ ਵਿਚ ਸ਼ਾਮਿਲ ਹੋ ਗਏ ਹਨ। ਰਾਫ਼ਾਲ ਜਹਾਜ਼ ਦੇ ਅੰਬਾਲਾ ਪਹੁੰਚਣ ਤੇ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ, "ਭਾਰਤ 'ਚ ਰਾਫ਼ਾਲ ਲੜਾਕੂ ਜਹਾਜ਼ਾਂ ਦਾ ਜ਼ਮੀਨ ਨੂੰ ਛੂਹਣਾ ਸਾਡੇ ਫ਼ੌਜੀ ਇਤਿਹਾਸ ਵਿਚ ਇਕ ਨਵੇਂ ਯੁੱਗ ਦੀ ਸ਼ੁਰੂਆਤ ਦਾ ਸੰਕੇਤ ਹੈ। ਇਹ ਏਅਰਕ੍ਰਾਫਟਸ ਹਵਾਈ ਫ਼ੌਜ ਦੀਆਂ ਯੋਗਤਾਵਾਂ ਵਿਚ ਕ੍ਰਾਂਤੀ ਲਿਆਉਣਗੇ।"


## ਅੰਮ੍ਰਿਤਧਾਰੀ ਨੌਜਵਾਨ ਦੀ ਨਿਊਜ਼ੀਲੈਂਡ ਹਵਾਈ ਫ਼ੌਜ 'ਚ ਟੈਕਨੀਸ਼ੀਅਨ ਵਜੋਂ ਨਿਯੁਕਤੀ

20 ਸਾਲਾ ਅੰਮ੍ਰਿਤਧਾਰੀ ਸਿੱਖ ਨੌਜਵਾਨ ਸੁਹੇਲਜੀਤ ਸਿੰਘ ਨੇ ਨਿਊਜ਼ੀਲੈਂਡ ਹਵਾਈ ਫ਼ੌਜ 'ਚ ਏਅਰ ਕਰਾਫ਼ਟ ਟੈਕਨੀਸ਼ੀਅਨ ਵਜੋਂ ਭਰਤੀ ਹੋ ਕੇ ਕੌਮ ਦਾ ਮਾਣ ਵਧਾਇਆ ਹੈ। ਨਿਊਜ਼ੀਲੈਂਡ ਰੱਖਿਆ ਸੇਵਾਵਾਂ 'ਚ ਮਿਲੀ ਧਾਰਮਿਕ ਛੋਟ ਦੇ ਤਹਿਤ ਸੁਹੇਲਜੀਤ ਸਿੰਘ ਦਸਤਾਰ ਅਤੇ ਪੰਜ ਕਕਾਰਾਂ ਦਾ ਧਾਰਨੀ ਹੋ ਕੇ ਨਿਸ਼ਠਾਸਹਿਤ ਆਪਣੀ ਡਿਊਟੀ ਤੇ ਹਾਜ਼ਰ ਹੈ।




**ਨਿਊਜ਼ੀਲੈਂਡ ਹਵਾਈ ਫ਼ੌਜ 'ਚ ਭਰਤੀ ਹੋਏ 20 ਸਾਲਾ ਅੰਮ੍ਰਿਤਧਾਰੀ ਨੌਜਵਾਨ ਸੁਹੇਲਜੀਤ ਸਿੰਘ ਦੀ ਤਸਵੀਰ।**

## ਪਹਿਲੀ ਵਿਸ਼ਵ ਜੰਗ 'ਚ ਸਿੱਖ ਸਿਪਾਹੀਆਂ ਦੇ ਯੋਗਦਾਨ ਨੂੰ ਉਹਨਾਂ ਦੀ ਜ਼ੁਬਾਨੀ ਬਿਆਨ ਕਰਦੀ ਪੁਸਤਕ




ਸੰਨ 1914-18 ਦਰਮਿਆਨ ਚੱਲੀ ਪਹਿਲੀ ਵਿਸ਼ਵ ਜੰਗ 'ਚ ਬ੍ਰਿਟਿਸ਼ ਇੰਡੀਆ ਫ਼ੌਜ ਵੱਲੋਂ ਸਿੱਖਾਂ ਦੇ ਯੋਗਦਾਨ ਨੂੰ ਲੈ ਕੇ ਸੁਖਵਿੰਦਰ ਸਿੰਘ ਬੱਸੀ ਵੱਲੋਂ *Thousands of Heroes have Arisen* ਪੁਸਤਕ ਲਿਖੀ ਗਈ ਹੈ ਜਿਸ ਵਿਚ ਉਹਨਾਂ ਸਿੱਖ ਸਿਪਾਹੀਆਂ ਰਾਹੀਂ ਉਸ ਸਮੇਂ ਲਿਖੇ ਗਏ 700 ਖ਼ਤਾਂ ਨੂੰ ਸ਼ਾਮਿਲ ਕੀਤਾ ਹੈ। ਇਹ ਖ਼ਤ ਉਹਨਾਂ ਨੂੰ ਬ੍ਰਿਟਿਸ਼ ਲਾਇਬ੍ਰੇਰੀ 'ਚੋਂ ਇਕ ਖਰੜੇ ਦੇ ਰੂਪ 'ਚ ਪ੍ਰਾਪਤ ਹੋਏ। ਇਸ ਖਰੜੇ ਵਿਚ ਸਿੱਖ ਸਿਪਾਹੀਆਂ ਵੱਲੋਂ ਇਸ ਦੌਰਾਨ ਲਿਖੇ 1,000 ਤੋਂ ਉਪਰ ਖ਼ਤ ਸਨ ਜਿਸ ਨੂੰ ਲੇਖਕ ਨੇ ਸਾਢੇ ਤਿੰਨ ਸਾਲ ਦੀ ਮਿਹਨਤ ਰਾਹੀਂ ਪੜ੍ਹਿਆ ਤੇ ਉਤਾਰਾ ਕੀਤਾ। ਇਹ ਖ਼ਤ ਹੀ ਇਸ ਪੁਸਤਕ ਦੀ ਸਿਰਜਨਾ ਦਾ ਆਧਾਰ ਬਣੇ। ਪੁਸਤਕ 'ਚ ਦਰਜ ਸਿੱਖ ਸਿਪਾਹੀਆਂ ਦੇ ਖ਼ੱਤ ਵਿਸ਼ਵ ਜੰਗ ਦੌਰਾਨ ਹੋਏ ਉਨ੍ਹਾਂ ਦੇ ਕੌੜੇ-ਕਸੈਲੇ ਬਹੁਵਿਧ ਅਨੁਭਵਾਂ ਨੂੰ ਪੇਸ਼ ਕਰਦੇ ਹਨ। ਲੇਖਕ ਨੂੰ ਉਮੀਦ ਹੈ ਕਿ ਇਸ ਪੁਸਤਕ ਰਾਹੀਂ ਲੋਕ ਇਸ ਜੰਗ 'ਚ ਭਾਰਤ ਦੇ ਯੋਗਦਾਨ ਨੂੰ ਭਲੀਭਾਂਤ ਜਾਣ ਸਕਣਗੇ। ਸੁਖਵਿੰਦਰ ਨੇ ਇਸ ਪੁਸਤਕ ਦੀਆਂ ਕਾਪੀਆਂ ਨੂੰ ਬਾਰਲੇ ਲੇਨ ਦੀ ਆਤਮ ਅਕੈਡਮੀ ਲਈ ਭੇਟ ਕੀਤਾ ਹੈ ਅਤੇ ਉਮੀਦ ਜ਼ਾਹਰ ਕੀਤੀ ਹੈ ਕਿ ਇਸ ਪੁਸਤਕ ਨੂੰ ਸਕੂਲੀ ਸਿੱਖਿਆ ਦਾ ਹਿੱਸਾ ਬਣਾਇਆ ਜਾਵੇਗਾ।